ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245311/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 24 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੦ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਸ਼ਹੀਦੀ ਹਫ਼ਤਾ (੧੦ ਪੋਹ)

ਸਿੱਖ ਧਰਮ ਵਿੱਚ 21 ਦਸੰਬਰ ਤੋਂ ਲੈ ਕੇ ਅਗਲਾ ਇੱਕ ਹਫ਼ਤਾ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ 'ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰਾ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਰੋਜ਼ਾਨਾ ਦੱਸ ਰਹੇ ਹਾਂ।



ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਕ ਪਿੰਡ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਬੀਬੀ ਹਰਸ਼ਰਨ ਕੌਰ ਮਿਲੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਆਦਰਸ਼ ਮੰਨਦੀ ਸੀ। ਉਨ੍ਹਾਂ ਨੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ, ਤਦ ਉਨ੍ਹਾਂ ਦੀ ਸ਼ਹੀਦੀ ਬਾਰੇ ਪਤਾ ਲੱਗਾ। ਇਹ ਸੁਣ ਕੇ ਬੀਬੀ ਹਰਸ਼ਰਨ ਕੌਰ ਤੁਰੰਤ ਚਮਕੌਰ ਪਹੁੰਚੀ, ਜਿੱਥੇ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਦੇਖਿਆ। ਮੁਗਲ ਚਾਹੁੰਦੇ ਸਨ ਕਿ ਇਨ੍ਹਾਂ ਦਾ ਅੰਤਿਮ ਸੰਸਕਾਰ ਨਾ ਕੀਤਾ ਜਾ ਸਕੇ ਅਤੇ ਚੀਲਾਂ, ਗਿੱਧ ਇਨ੍ਹਾਂ ਨੂੰ ਖਾਣ, ਪਰ ਬੀਬੀ ਹਰਸ਼ਰਨ ਕੌਰ ਨੇ ਉਥੇ ਪਹੁੰਚ ਕੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕੀਤਾ। ਇਹ ਸਭ ਮੁਗਲ ਸੈਨਾ ਨੇ ਦੇਖ ਲਿਆ। ਉਨ੍ਹਾਂ ਨੇ ਬੀਬੀ ਹਰਸ਼ਰਨ ਕੌਰ ਨੂੰ ਗੁਰੂ ਸਾਹਿਬ ਬਾਰੇ ਪੁੱਛਿਆ ਪਰ ਉਨ੍ਹਾਂ ਕੁਝ ਨਹੀਂ ਦੱਸਿਆ, ਇਸ ਤੋਂ ਬਾਅਦ ਮੁਗਲਾਂ ਨੇ ਉਨ੍ਹਾਂ ਨੂੰ ਵੀ ਅੱਗ ਵਿੱਚ ਧਕੇਲ ਦਿੱਤਾ ਅਤੇ ਉਹ ਸ਼ਹੀਦ ਹੋ ਗਈ। ••

ਆਵਾਜ਼ਿ ਕੌਮ
AWAZE QAUM
International Newspaper & WEB TV

## ਬ੍ਰਹਮ ਗਿਆਨੀ ਮਹਾਪੁਰਸ਼ ਸ੍ਰੀ ਮਾਨ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਦੀ 21 ਵੀਂ ਬਰਸੀ ਅੱਜ





**ਚੌਕ ਮਹਿਤਾ,23 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਦਮਦਮੀ ਟਕਸਾਲ ਦੇ ਪਰੰਦਵੇ ਮੁੱਖੀ ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਯਾਦ ਵਿੱਚ ਪਿੱਛਲੇ ਦਿਨੀ ਪਵਿੱਤਰ ਪਾਵਨ ਗੁਰਬਾਣੀ ਦੀ ਇਕੋਤਰੀ ਜਾਪੁ ਆਰੰਭ ਕੀਤੇ ਗਏ ਸਨ ਜਿਨ੍ਹਾਂ ਦੇ ਅੱਜ 24 ਦਸੰਬਰ 2025 ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਪਵਿੱਤਰ ਪਾਵਨ ਗੁਰਬਾਣੀ ਦੀ ਇਕੋਤਰੀ ਦੇ ਭੋਗ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਜਥਾ ਭਿੰਡਰਾਂ ਮਹਿਤਾ ਵਿਖੇ ਪਾਏ ਜਾਣਗੇ। ਉਪਰੰਤ ਦੁਪਹਿਰ ,2 ਵਜੇ ਤੱਕ ਕੀਰਤਨ, ਕਥਾਵਾਚਕ ,ਢਾਡੀ ਜੱਥੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਵੇਗੀ। ਗੁਰੂ ਜੀ ਦੇ ਲੰਗਰ ਅਟੁੱਟ ਵਰਤਨਗੇ। ਇਸ ਮੌਕੇ ਤੇ ਸੰਤ ਸਮਾਜ, ਮਹਾਂਪੁਰਸ਼, ਨਿਹੰਗ ਸਿੰਘ ਜਥੇਬੰਦੀਆਂ ਅਤੇ ਦੇਸ਼ਾਂ ਵਿਦੇਸ਼ਾ ਅਤੇ ਸਮੂਹ ਇਲਾਕੇ ਦੀਆਂ ਸੰਗਤਾਂ ਹਾਜ਼ਰੀਆਂ ਭਰਨਗੀਆ। ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਹਾਜਰੀਆ ਭਰ ਕੇ ਲਾਹਾ ਪ੍ਰਾਪਤ ਕਰਨ ਕਰੋ ਜੀ।

## ਭੇਜਿਆ ਗਿਆ ਧਮਕੀ ਭਰਿਆ ਈ-ਮੇਲ

# ਪਟਿਆਲਾ ਦੇ ਸਕੂਲਾਂ ਤੇ ਕਾਲਜਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ !

**ਪਟਿਆਲਾ, 23 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਅੰਮ੍ਰਿਤਸਰ ਅਤੇ ਜਲੰਧਰ ਤੋਂ ਬਾਅਦ ਪਟਿਆਲਾ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਇਸ ਮਾਮਲੇ ਸੰਬੰਧੀ ਸਕੂਲ ਪ੍ਰਬੰਧਨ ਅਤੇ ਕਾਲਜਾਂ ਨੂੰ ਇੱਕ ਈਮੇਲ ਭੇਜੀ ਗਈ ਹੈ। ਜਿਸ 'ਚ ਸਕੂਲ ਅਤੇ ਕਾਲਜਾਂ ਨੂੰ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਹਾਸਿਲ ਹੋਈ ਈਮੇਲ 'ਚ ਬੰਬ ਧਮਾਕਾ ਦੁਪਹਿਰ 1 ਤੋਂ ਰਾਤ ਦੇ 9 ਵਜੇ ਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਧਮਕੀ ਦੁਪਹਿਰ 1:11 ਵਜੇ ਤੋਂ ਰਾਤ 9:11 ਵਜੇ ਦੇ ਵਿਚਕਾਰ ਦੀ ਮਿਆਦ ਲਈ ਹੈ। ਹਾਲਾਂਕਿ 21 ਦਸੰਬਰ ਤੋਂ ਸਕੂਲਾਂ ਵਿੱਚ ਸਰਦੀਆਂ ਦੀਆਂ ਛੁੱਟੀਆਂ ਹਨ, ਇਸ ਲਈ ਬੱਚਿਆਂ ਨੂੰ ਕੋਈ ਖ਼ਤਰਾ ਨਹੀਂ ਹੈ। ਹਾਲਾਂਕਿ, ਸੁਰੱਖਿਆ ਕਰਮਚਾਰੀ ਮੌਜੂਦ ਸਨ। ਇਹ ਧਮਕੀ ਭਰੀ ਈਮੇਲ ਰਿਆਨ ਪਬਲਿਕ ਸਕੂਲ ਅਤੇ ਡੀਏਵੀ ਸਕੂਲ ਨੂੰ ਵੀ ਭੇਜੀ ਗਈ ਸੀ। ਈਮੇਲ ਮਿਲਣ 'ਤੇ, ਸਕੂਲ ਪ੍ਰਬੰਧਨ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ, ਜਿਸਨੇ ਫਿਰ ਪੁਲਿਸ ਨੂੰ ਸੁਚੇਤ ਕੀਤਾ। ਸਕੂਲਾਂ ਅਤੇ ਰੇਲਵੇ ਸਟੇਸ਼ਨ 'ਤੇ ਸੁਰੱਖਿਆ ਤੁਰੰਤ ਵਧਾ ਦਿੱਤੀ ਗਈ। ਸਕੂਲਾਂ ਵਿੱਚ ਤੋੜ-ਫੋੜ ਵਿਰੋਧੀ ਟੀਮਾਂ ਨੂੰ ਬੁਲਾਇਆ ਗਿਆ ਹੈ ਅਤੇ ਬੰਬਾਂ ਦੀ ਜਾਂਚ ਕੀਤੀ ਜਾ ਰਹੀ ਹੈ।




**ਪੰਜਾਬੀ ਗਾਇਕਾ ਤੇ ਅਦਾਕਾਰਾ ਅਮਰ ਨੂਰੀ ਨੂੰ ਮਿਲੀ ਧਮਕੀ, ਤਿੰਨ ਨੌਜਵਾਨ ਦਾ ਰਾਊਂਡਅੱਪ** : ਪੰਜਾਬੀ ਗਾਇਕਾ ਅਤੇ ਅਦਾਕਾਰਾ ਅਮਰ ਨੂਰੀ ਨੂੰ ਮਿਲੀ ਧਮਕੀ ਭਰੀ ਕਾਲ ਦੀ ਪੁਲਿਸ ਜਾਂਚ ਸਬੰਧੀ ਇੱਕ ਨਵਾਂ ਅਪਡੇਟ ਸਾਹਮਣੇ ਆਇਆ ਹੈ। ਡੀਐਸਪੀ ਮੋਹਿਤ ਸਿੰਗਲਾ ਨੇ ਦੱਸਿਆ ਕਿ ਅਮਰ ਨੂਰੀ ਨੂੰ 16 ਦਸੰਬਰ ਨੂੰ ਧਮਕੀ ਭਰੀ ਕਾਲ ਆਈ ਸੀ, ਜਿਸ ਨੂੰ ਪੁਲਿਸ ਨੇ ਗੰਭੀਰਤਾ ਨਾਲ ਲਿਆ ਹੈ। ਡੀਐਸਪੀ ਮੋਹਿਤ ਸਿੰਗਲਾ ਦੇ ਅਨੁਸਾਰ ਪੁਲਿਸ ਨੇ ਹੁਣ ਤੱਕ ਇਸ ਮਾਮਲੇ ਵਿੱਚ ਤਿੰਨ ਵਿਅਕਤੀਆਂ ਨੂੰ ਘੇਰ ਲਿਆ ਹੈ। ਧਮਕੀਆਂ ਦੇ ਪਿੱਛੇ ਅਸਲ ਮੁਲਜ਼ਮਾਂ ਦਾ ਪਤਾ ਲਗਾਉਣ ਲਈ ਉਨ੍ਹਾਂ ਤੋਂ ਪੂਰੀ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਕਾਲ ਨਾਲ ਸਬੰਧਿਤ ਸਾਰੇ ਤੱਥਾਂ ਅਤੇ ਤਕਨੀਕੀ ਸਬੂਤਾਂ ਦੀ ਵੀ ਜਾਂਚ ਕਰ ਰਹੀ ਹੈ। ਡੀਐਸਪੀ ਨੇ ਅੱਗੇ ਕਿਹਾ ਕਿ ਜਾਂਚ ਦੌਰਾਨ ਮੁਲਜ਼ਮ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੁਲਿਸ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।

## ਬਿਕਰਮ ਮਜੀਠਆ 'ਤੇ ਅਗਲੇ ਸਾਲ ਚਾਰਜੇਸ ਫ੍ਰੇਮ ਹੋਣਗੇ, ਹੁਣ ਅਦਾਲਤ 'ਚ 3 ਜਨਵਰੀ ਨੂੰ ਹੋਵੇਗੀ ਸੁਣਵਾਈ



**ਮੋਹਾਲੀ, 23 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਮੋਹਾਲੀ ਦੀ ਅਦਾਲਤ ਨੇ ਅੱਜ (ਮੰਗਲਵਾਰ) ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਦੀ ਸੁਣਵਾਈ ਕੀਤੀ। ਹਾਲਾਂਕਿ, ਅਜੇ ਤੱਕ ਦੋਸ਼ ਤੈਅ ਨਹੀਂ ਕੀਤੇ ਗਏ ਹਨ। ਦੋਸ਼ ਤੈਅ ਕਰਨ ਦੀ ਪ੍ਰਕਿਰਿਆ ਹੁਣ 2026 ਵਿੱਚ ਸ਼ੁਰੂ ਹੋਵੇਗੀ। ਅਦਾਲਤ ਨੇ ਅਗਲੀ ਸੁਣਵਾਈ 3 ਜਨਵਰੀ ਲਈ ਨਿਰਧਾਰਤ ਕੀਤੀ ਹੈ। ਵਿਜੀਲੈਂਸ ਵਿਭਾਗ ਨੇ 22 ਅਗਸਤ ਨੂੰ ਮੋਹਾਲੀ ਦੀ ਅਦਾਲਤ ਵਿੱਚ ਬਿਕਰਮ ਸਿੰਘ ਮਜੀਠੀਆ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਸੀ। ਵਿਜੀਲੈਂਸ ਵਿਭਾਗ ਨੇ ਮਾਮਲੇ ਵਿੱਚ 200 ਤੋਂ ਵੱਧ ਗਵਾਹਾਂ ਨੂੰ ਪੇਸ਼ ਕੀਤਾ ਹੈ ਅਤੇ 40,000 ਤੋਂ ਵੱਧ ਪੰਨਿਆਂ ਦੀ ਚਾਰਜਸ਼ੀਟ ਪੇਸ਼ ਕੀਤੀ ਹੈ, ਜਿਸ ਨੂੰ ਚਾਰ ਟਰੰਕਾਂ ਵਿੱਚ ਅਦਾਲਤ ਵਿੱਚ ਲਿਆਂਦਾ ਗਿਆ ਸੀ। ਇਸ ਦੌਰਾਨ, ਮਜੀਠੀਆ ਨੇ ਜ਼ਮਾਨਤ ਲਈ ਹਾਈ ਕੋਰਟ ਤੋਂ ਬਾਅਦ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ, ਜਿੱਥੇ ਮਾਮਲੇ ਦੀ ਸੁਣਵਾਈ 19 ਜਨਵਰੀ ਨੂੰ ਹੋਵੇਗੀ। ਜ਼ਿਕਰ ਕਰ ਦਈਏ ਕਿ ਮਜੀਠੀਆ ਨੂੰ 25 ਜੂਨ ਨੂੰ ਅੰਮ੍ਰਿਤਸਰ ਵਿੱਚ ਵਿਜੀਲੈਂਸ ਬਿਊਰੋ ਨੇ ਘਰੋਂ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ 'ਤੇ ਆਪਣੀ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ ਦੋਸ਼ ਲੱਗਿਆ ਹੋਇਆ ਹੈ। ਇਸ ਤੋਂ ਪਹਿਲਾਂ 2021 ਵਿੱਚ, ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ, ਉਨ੍ਹਾਂ ਵਿਰੁੱਧ ਐਨਡੀਪੀਐਸ ਐਕਟ ਤਹਿਤ ਕੇਸ ਵੀ ਦਰਜ ਕੀਤਾ ਗਿਆ ਸੀ। ਹੁਣ ਤੱਕ ਛੇ ਵਿਅਕਤੀਆਂ ਦੇ ਬਿਆਨ ਦਰਜ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਸਾਬਕਾ ਡੀਜੀਪੀ ਸਿਧਾਰਥ ਚਟੋਪਾਧਿਆਏ ਅਤੇ ਈਡੀ ਦੇ ਇੱਕ ਸਾਬਕਾ ਡਿਪਟੀ ਡਾਇਰੈਕਟਰ ਸ਼ਾਮਲ ਹਨ।

# ਸਿੱਖ ਕ੍ਰਿਸਮਸ ਨਹੀਂ, ਸ਼ਹੀਦੀ ਹਫਤਾ ਮਨਾਉਂਦੇ ਹਨ

ਇਸ ਹਫ਼ਤੇ ਜਿੱਥੇ ਹਰ ਪਾਸੇ ਕ੍ਰਿਸਮਸ ਦੀ ਧੂਮ ਹੈ, ਉਥੇ ਹੀ ਸਿੱਖ ਭਾਈਚਾਰੇ ਦੇ ਲੋਕ ਇਸਨੂੰ ਸ਼ਹੀਦੀ ਹਫ਼ਤੇ ਦੇ ਤੌਰ ’ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ ’ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ ’ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰੇ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਦੱਸ ਰਹੇ ਹਾਂ। - ਸਿਮਰਨਜੀਤ ਸਿੰਘ

## 6 ਪੋਹ



**ਇਸ ਦਿਨ** ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਚਲੇ ਗਏ ਸਨ। ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ ’ਤੇ ਹਮਲਾ ਕਰ ਦਿੱਤਾ ਸੀ। ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ। ••

## 7 ਪੋਹ



**ਆਨੰਦਪੁਰ** ਸਾਹਿਬ ਦਾ ਕਿਲਾ ਛੱਡ ਕੇ ਗੁਰੂ ਸਾਹਿਬ ਜਦੋਂ ਪਰਿਵਾਰ ਸਮੇਤ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਵਿਛੜ ਗਿਆ। ਵਿਛੜਨ ਤੋਂ ਬਾਅਦ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਮਕੌਰ ਪਹੁੰਚ ਗਏ। ਉਥੇ ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਗੁਰੂ ਸਾਹਿਬ ਦਾ ਸੇਵਕ ਰਹਿ ਚੁੱਕਾ ਗੰਗੂ ਨਾਮਕ ਬ੍ਰਾਹਮਣ ਆਪਣੇ ਨਾਲ ਲੈ ਗਿਆ, ਪਰ ਉਸਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਇਸਦੀ ਸੂਚਨਾ ਦੇ ਦਿੱਤੀ। ਫਿਰ ਵਜ਼ੀਰ ਖ਼ਾਨ ਨੇ ਉਨ੍ਹਾਂ ਨੂੰ ਕੈਦ ਕਰ ਲਿਆ। ••

## 8 ਪੋਹ



**ਇਸ ਦਿਨ** ਚਮਕੌਰ ਦਾ ਯੁੱਧ ਹੋਇਆ, ਜਿਸ ਵਿੱਚ ਮੁਗਲਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਆਹਮਣੇ-ਸਾਹਮਣੇ ਸੀ। ਅਜਿਹਾ ਕਿਹ ਜਾਂਦਾ ਹੈ ਕਿ ਮੁਗਲਾਂ ਦੀ ਸੈਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੀ ਜਦਕਿ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ। ਇਸਦੇ ਬਾਵਜੂਦ ਉਨ੍ਹਾਂ ਨੇ ਬਹਾਦਰੀ ਦਿਖਾਉਂਦੇ ਹੋਏ ਮੁਗਲਾਂ ਨਾਲ ਲੋਹਾ ਲਿਆ। ਯੁੱਧ ਵਿੱਚ ਆਪਣੇ ਸੈਨਿਕਾਂ ਨੂੰ ਸ਼ਹੀਦ ਹੁੰਦੇ ਦੇਖ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਉਹ ਯੁੱਧ ਵਿੱਚ ਜਾ ਕੇ ਕੌਮ ਦੇ ਲਈ ਲੜਨਾ ਚਾਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਗਿਆ ਦਿੰਦੇ ਹੋਏ ਯੁੱਧ ਵਿੱਚ ਉਤਾਰਿਆ, ਜਿਸ ਵਿੱਚ ਉਨ੍ਹਾਂ ਨੇ ਇੱਕ ਦੇ ਬਾਅਦ ਇੱਕ ਮੁਗਲ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਰਮਿਆਨ ਉਹ ਖ਼ੁਦ ਵੀ ਸ਼ਹੀਦ ਹੋ ਗਏ। ਵੱਡੇ ਭਰਾ ਨੂੰ ਯੁੱਧ ਵਿੱਚ ਸ਼ਹੀਦ ਹੁੰਦਾ ਦੇਖ ਬਾਬਾ ਜੁਝਾਰ ਸਿੰਘ ਵੀ ਪਿਤਾ ਜੀ ਦੀ ਆਗਿਆ ਲੈ ਕੇ ਯੁੱਧ ਵਿੱਚ ਉਤਰੇ ਅਤੇ ਉਨ੍ਹਾਂ ਨੇ ਵੀ ਮੁਗਲੀਆ ਸੈਨਾ ਨਾਲ ਲੋਹਾ ਲਿਆ। ਛੋਟੀ ਜਿਹੀ ਉਮਰ ਵਿੱਚ ਉਨ੍ਹਾਂ ਨੇ ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਉਹ ਵੀ ਸ਼ਹੀਦ ਹੋ ਗਏ। ਇਹ ਪੂਰਾ ਨਜ਼ਾਰਾ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਕਿਲੇ ਤੋਂ ਦੇਖ ਰਹੇ ਸਨ। ••

## 9 ਪੋਹ



**ਸ੍ਰੀ ਗੁਰੂ** ਗੋਬਿੰਦ ਸਿੰਘ ਜੀ ਇਸ ਯੁੱਧ ਵਿੱਚ ਜਾਣਾ ਚਾਹੁੰਦੇ ਸਨ ਪਰ ਹੋਰ ਸਿੱਖਾਂ ਨੇ ਆਪਣੇ ਅਧਿਕਾਰਾਂ ਦਾ ਇਸਤੇਮਾਲਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਉਥੋਂ ਜਾਣ ਲਈ ਕਿਹਾ। ਗੁਰੂ ਸਾਹਿਬ ਇਸਨੂੰ ਮੰਨਣ ਨੂੰ ਤਿਆਰ ਨਹੀਂ ਸਨ ਪਰ ਹੋਰ ਸਿੱਖਾਂ ਦੇ ਅੱਗੇ ਉਨ੍ਹਾਂ ਨੂੰ ਮਜਬੂਰ ਹੋ ਕੇ ਉਥੋਂ ਜਾਣਾ ਪਿਆ। ਇਸ ਦਰਮਿਆਨ ਉਥੇ ਬਚੇ ਸਿੱਖਾਂ ਨੇ ਮੁਗਲੀਆ ਸੈਨਾ ਨਾਲ ਯੁੱਧ ਕੀਤਾ ਅਤੇ ਲੜਦੇ-ਲੜਦੇ ਸ਼ਹੀਦ ਹੋ ਗਏ। ••

## 10 ਪੋਹ



**ਜਦੋਂ ਸ੍ਰੀ** ਗੁਰੂ ਗੋਬਿੰਦ ਸਿੰਘ ਜੀ ਇੱਕ ਪਿੰਡ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਬੀਬੀ ਹਰਸ਼ਰਨ ਕੌਰ ਮਿਲੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਆਦਰਸ਼ ਮੰਨਦੀ ਸੀ। ਉਨ੍ਹਾਂ ਨੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ, ਤਦ ਉਨ੍ਹਾਂ ਦੀ ਸ਼ਹੀਦੀ ਬਾਰੇ ਪਤਾ ਲੱਗਾ। ਇਹ ਸੁਣ ਕੇ ਬੀਬੀ ਹਰਸ਼ਰਨ ਕੌਰ ਤੁਰੰਤ ਚਮਕੌਰ ਪਹੁੰਚੀ, ਜਿੱਥੇ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਦੇਖਿਆ। ਮੁਗਲ ਚਾਹੁੰਦੇ ਸਨ ਕਿ ਇਨ੍ਹਾਂ ਦਾ ਅੰਤਿਮ ਸੰਸਕਾਰ ਨਾ ਕੀਤਾ ਜਾ ਸਕੇ ਅਤੇ ਚੀਲਾਂ, ਗਿੱਧ ਇਨ੍ਹਾਂ ਨੂੰ ਖਾਣ, ਪਰ ਬੀਬੀ ਹਰਸ਼ਰਨ ਕੌਰ ਨੇ ਉਥੇ ਪਹੁੰਚ ਕੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕੀਤਾ। ਇਹ ਸਭ ਮੁਗਲ ਸੈਨਾ ਨੇ ਦੇਖ ਲਿਆ। ਉਨ੍ਹਾਂ ਨੇ ਬੀਬੀ ਹਰਸ਼ਰਨ ਕੌਰ ਨੂੰ ਗੁਰੂ ਸਾਹਿਬ ਬਾਰੇ ਪੁੱਛਿਆ ਪਰ ਉਨ੍ਹਾਂ ਕੁਝ ਨਹੀਂ ਦੱਸਿਆ, ਇਸ ਤੋਂ ਬਾਅਦ ਮੁਗਲਾਂ ਨੇ ਉਨ੍ਹਾਂ ਨੂੰ ਵੀ ਅੱਗ ਵਿੱਚ ਧਕੇਲ ਦਿੱਤਾ ਅਤੇ ਉਹ ਸ਼ਹੀਦ ਹੋ ਗਈ। ••

## 11-12 ਪੋਹ



**ਮਾਤਾ ਗੁਜਰੀ** ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਂ ਨੇ ਕੈਦ ਕਰ ਲਿਆ ਸੀ। ਇਸ ਦਿਨ ਉਸਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਪੇਸ਼ੀ ਸੀ, ਜਿੱਥੇ ਵਜੀਰ ਖਾਨ ਨ ਛੋਟੇ ਸਾਹਿਬਜ਼ਾਦਿਆਂ ਨੂੰ ਬੇਹੱਦ ਡਰਾਇਆ-ਧਮਕਾਇਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ, ਪਰ ਛੋਟੇ ਸਾਹਿਬਜ਼ਾਦਿਆਂ ਨੇ ਬਹਾਦਰੀ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ ‘ਅਸੀਂ ਗੋਬਿੰਦ ਸਿੰਘ ਦੇ ਬੇਟੇ ਹਾਂ। ਮਰ ਜਾਵਾਂਗੇ ਪਰ ਧਰਮ ਨਹੀਂ ਤਿਆਗਾਂਗੇ।’ ਇਸ ਦੌਰਾਨ ਉਨ੍ਹਾਂ ਨੇ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਗਾਏ, ਜਿਸਨੂੰ ਸੁਣ ਕੇ ਵਜ਼ੀਰ ਖਾਂ ਅਤੇ ਹੋਰ ਲੋਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਅਗਲੇ ਦਿਨ ਆਉਣ ਲਈ ਕਿਹਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਕਲ ਜਾਂ ਤਾਂ ਧਰਮ ਪਰਿਵਰਤਨ ਕਰੋ ਜਾਂ ਮਰਨ ਲਈ ਤਿਆਰ ਰਹੋ। ••

## 13 ਪੋਹ



**ਠੰਡੇ ਬੁਰਜ** ਵਿੱਚ ਕੈਦ ਸਾਹਿਬਜ਼ਾਦਿਆਂ ਦੀ ਦਾਦੀ ਮਾਤਾ ਗੁਜਰੀ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਬੇਹੱਦ ਪਿਆਰ ਨਾਲ ਤਿਆਰ ਕਰਕੇ ਦੋਬਾਰਾ ਸੂਬੇ ਦੀ ਕਚਹਿਰੀ ਵਿੱਚ ਭੇਜਿਆ। ਇੱਥੇ ਇੱਕ ਵਾਰ ਫਿਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਕਿਹਾ ਪਰ ਸਾਹਿਬਜ਼ਾਦਿਆਂ ਨੇ ਫਿਰ ਮਨਾ ਕਰ ਦਿੱਤਾ। ਇੱਕ ਵਾਰ ਫਿਰ ਜੈਕਾਰੇ ਲੱਗਣ ਲੱਗੇ। ਇਹ ਸੁਣ ਵਜ਼ੀਰ ਖ਼ਾਨ ਤਿਲਮਿਲਾ ਉੱਠਿਆ ਅਤੇ ਉਸਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਇਹ ਸੁਣਕੇ ਵੀ ਛੋਟੇ ਸਾਹਿਬਜਦਿਆਂ ਦਾ ਹੌਸਲਾ ਨਹੀਂ ਡਗਮਗਾਇਆ। ਇਸ ਤਰ੍ਹਾਂ ਵਜ਼ੀਰ ਖ਼ਾਨ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਕਰਵਾ ਦਿੱਤਾ। ਜਿਉਂ ਹੀ ਮਾਤਾ ਗੁਜਰੀ ਜੀ ਤੱਕ ਇਹ ਖ਼ਬਰ ਪਹੁੰਚੀ, ਉਨ੍ਹਾਂ ਨੇ ਵੀ ਪ੍ਰਾਣ ਤਿਆਗ ਦਿੱਤੇ ਅਤੇ ਇਸ ਇੱਕ ਦਿਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ••

## 14 ਪੋਹ



**ਵਜ਼ੀਰ ਖ਼ਾਨ** ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਦੀਵਾਨ ਟੋਡਰ ਮੱਲ ਨੇ ਵਜ਼ੀਰ ਖ਼ਾਨ ਤੋਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਮੰਗੀ। ਵਜ਼ੀਰ ਖ਼ਾਨ ਨੇ ਟੋਡਰਮੱਲ ਅੱਗੇ ਸ਼ਰਤ ਰੱਖੀ ਕਿ ਉਹ ਜਿੰਨੀ ਜਗ੍ਹਾ ’ਤੇ ਸੰਸਕਾਰ ਕਰਨਾ ਚਾਹੁੰਦਾ ਹੈ, ਉਨੀ ਜਗ੍ਹਾ ’ਤੇ ਸੋਨੇ ਦੀਆਂ ਮੋਹਰਾਂ ਵਿਛਾ ਦੇਵੇ। ਇਹ ਸੁਣਕੇ ਟੋਡਰਮੱਲ ਨੇ ਉਸ ਪੂਰੇ ਹਿੱਸੇ ’ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਲੈ ਲਈ ਅਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ••

ਆਵਾਜ਼ਿ ਕੌਮ
AWAZE QAUM
International Newspaper & WEB TV

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net

ਦਮਦਮੀ ਟਕਸਾਲ

ਨਾਮ ਜਪੋ / ਕਿਰਤ ਕਰੋ / ਵੰਡ ਛੱਕੋ — Naam Japo / Kirat Karo / Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। **-ਸੰਪਾਦਕ**



# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾਲ਼ਸਾ ਮੈਮੋਰੀਅਲ ਹਸਪਤਾਲ

## ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

ਮਹਿਤਾ ਚੌਂਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

WE CATER FOR

★★★★★









SANJHA PUNJAB

VEG & NON-VEG INDIAN

TAKE AWAY MENU

0116 291 1565

075 9999 5787

47 BELGRAVE ROAD

LEICESTER LE4 6AR

visit us : www.sanjhapunjab.co.uk

email: sanjha47@hotmail.com

## SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk

email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM

International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'


ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ
350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦੀ ਯਾਦ ਵਿੱਚ ਤਿੰਨ ਰੋਜ਼ਾ
ਮਹਾਨ ਸ਼ਹੀਦੀ ਸਮਾਗਮ
ਦਮਦਮੀ ਟਕਸਾਲ ਦੇ ਮੌਜੂਦਾ ਮੁਖੀ
ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ
ਦੀ ਅਗਵਾਈ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਦੀ ਪ੍ਰਬੰਧਕ ਕਮੇਟੀ ਵੱਲੋਂ
ਦਮਦਮੀ ਟਕਸਾਲ ਦੇ ਵਿਦਿਆਰਥੀ, ਨੌਜਵਾਨ ਵੀਰ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ
ਨਾਲ ਸਾਊਥਹਾਲ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।
ਦਮਦਮੀ ਟਕਸਾਲ ਦੇ 15ਵੇਂ ਮੁਖੀ ਸੱਚਖੰਡ ਵਾਸੀ
ਸ੍ਰੀਮਾਨ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ
21ਵੀਂ ਸਾਲਾਨਾ ਬਰਸੀ
ਸੰਗਤਾਂ ਨੂੰ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿੱਚ ਸ਼ਾਮਿਲ ਹੋ ਕੇ ਲਾਹਾ ਪ੍ਰਾਪਤ ਕਰੋ ਜੀ।
Address, 2-8 PARK AVENUE GURDWARA SOUTHHALL UB1 3AG
ਵਲੋਂ:-ਸਮੂਹ ਸਾਧ ਸੰਗਤ ਤੇ ਗੁਰਦੁਆਰਾ ਸਿੰਘ ਸਭਾ ਪ੍ਰਬੰਧਕ ਕਮੇਟੀ ਮੈਂਬਰ
ਵਿਸ਼ੇਸ਼ ਨੋਟ
ਸ੍ਰੀ ਅਖੰਡ ਪਾਠ ਸਾਹਿਬ
ਆਰੰਭ
22 ਦਸੰਬਰ 2025, ਦਿਨ ਸੋਮਵਾਰ, ਦੁਪਹਿਰ 2 ਵਜੇ
ਭੋਗ
24 ਦਸੰਬਰ 2025, ਦਿਨ ਬੁੱਧਵਾਰ, ਦੁਪਹਿਰ 2 ਵਜੇ
ਦਮਦਮੀ ਟਕਸਾਲ
GURDWARA SRI GURU SINGH SABHA SOUTHALL


21st ANNUAL BARSI
OF SANT BABA THAKUR SINGH JI KHALSA BHINDRANWALE
&
IN MEMORY OF SAHIBZADE AND MATA GUJAR KAUR JI
3DAY MAHAAN SHAHEEDI SMAGAM
Dedicated To
THE 350TH SHAHEEDI GURPURB OF
SHRI GURU TEGH BAHADUR JI AND BHAI MATI DAS JI
BHAI SATI DAS JI, BHAI DAYALA JI
The Guidance of
SANT GIANI HARNAM SINGH JI KHALSA BHINDRANWALE
Mukhi Damdami Taksal Jatha Bhindra Mehta, Pardhan Sant Samaj
Organised By
MANAGING COMMITTEE AND SAADH SANGAT OF
GURDWARA SHRI GURU SINGH SABHA SOUTHHALL
& STUDENTS OF DAMDAMI TAKSAL
ADDRESS: 2-8 PARK AVENUE GURDWARA SOUTHHALL UB1 3AG
PROGRAM
SHRI AKHAND PATH SAHIB
BEGINING
22 Dec 2025, Monday, 2pm
BHOG
24 Dec 2025, Wednesday, 2pm
From: Samuh Sadh Sangat and SGSS management committee




**ਅੱਜ ਸ਼ਹੀਦੀ ਦਿਨ ’ਤੇ ਵਿਸ਼ੇਸ਼**

# ਸਿਦਕੀ ਸਿੱਖ ਸ਼ਹੀਦ ਭਾਈ ਤਾਰਾ ਸਿੰਘ ਵਾਂ

ਸ਼ਹੀਦ ਕੌਮਾਂ ਦਾ ਕੀਮਤੀ ਸਰਮਾਇਆ ਹੁੰਦੇ ਹਨ । ਸ਼ਹੀਦਾਂ ਦਾ ਡੁੱਲ੍ਹਿਆ ਲਹੂ ਕੌਮਾਂ ਨੂੰ ਨਵੀਂ ਜ਼ਿੰਦਗੀ ਦਿੰਦਾ ਹੈ । ਸਰਬੰਸ ਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਜਿਸ ਮਕਸਦ ਦੀ ਪੂਰਤੀ ਲਈ ਕੀਤੀ ਸੀ, ਉਸ ਸੰਘਰਸ਼ ਦੀ ਲੰਮੀ ਗਾਥਾ ਹੈ । ਅਠਾਰ੍ਹਵੀਂ ਸਦੀ ਵਿੱਚ ਸਿਰੜੀ ਅਤੇ ਸਿਦਕੀ ਸਿੰਘਾਂ ਨੇ ਜੰਗਲਾਂ ਵਿੱਚ ਰਹਿ ਕੇ ਖ਼ਾਲਸੇ ਦੀ ਹੋਂਦ ਨੂੰ ਬਚਾਉਣ ਲਈ ਜਿਹੜੀ ਕੁਰਬਾਨੀ ਕੀਤੀ, ਉਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿੱਚ ਕੋਈ ਵਿਰਲੀ-ਟਾਂਵੀਂ ਹੀ ਮਿਲੇਗੀ । ਮੌਜੂਦਾ ਪਾਕਿਸਤਾਨ ਦੀ ਸਰਹੱਦ ਨੇੜੇ ਵੱਸੇ ਪੰਜਾਬ ਦੇ ਪਿੰਡ ਵਾਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਤੋਂ ਪੰਜ-ਛੇ ਸਾਲ ਪਹਿਲਾਂ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਦੋ ਸਾਲ ਪਹਿਲਾਂ 1702 ਈ: ਵਿੱਚ ਇਕ ਕਿਰਤੀ ਕਿਸਾਨ ਭਾਈ ਗੁਰਦਾਸ ਦੇ ਗ੍ਰਹਿ ਵਿਖੇ ਭਾਈ ਤਾਰਾ ਸਿੰਘ ਦਾ ਜਨਮ ਹੋਇਆ । ਜਦੋਂ ਕਲਗੀਧਰ ਪਾਤਸ਼ਾਹ ਦੇ ਹੁਕਮ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਘਰਸ਼ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਇਸ ਕਿਰਤੀ ਕਿਸਾਨ ਭਾਈ ਗੁਰਦਾਸ ਨੇ ਮਾਝੇ ਦੇ ਸਿੱਖਾਂ ਨੂੰ ਲਾਮਬੰਦ ਕਰਨ ਦੇ ਫਰਜ਼ ਨੂੰ ਬਾਖ਼ੂਬੀ ਨਿਭਾਇਆ ।

ਭਾਈ ਗੁਰਦਾਸ ਗੁਰੂ ਸਾਹਿਬ ਦਾ ਅਜਿਹਾ ਭਰੋਸੇ ਵਾਲਾ ਸਿੰਘ ਸੀ ਜਿਸ ਦੇ ਪਰਿਵਾਰ ਵਿੱਚੋਂ ਸਿੱਖ ਸਿਧਾਂਤਾਂ ਦੀ ਖ਼ੁਸ਼ਬੂ ਤੋਂ ਇਲਾਕੇ ਦੀ ਸੰਗਤ ਪ੍ਰੇਰਨਾ ਪ੍ਰਾਪਤ ਕਰਦੀ ਸੀ । ਭਾਈ ਗੁਰਦਾਸ ਜੀ ਦੇ ਪੰਜ ਪੁੱਤਰਾਂ ਵਿੱਚੋਂ ਵੱਡੇ ਭਾਈ ਤਾਰਾ ਸਿੰਘ ਸਨ, ਜਿਨ੍ਹਾਂ ਜਵਾਨੀ ਦੇ ਮੁੱਢਲੇ ਦਿਨਾਂ ਵਿੱਚ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਨੀ ਸਿੰਘ ਦੀ ਅਗਵਾਈ ਵਿੱਚ ਪੰਜਾਂ ਪਿਆਰਿਆਂ ਤੋਂ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ । ਜਦੋਂ ਲਾਹੌਰ ਦਾ ਪ੍ਰਬੰਧ ਜ਼ਕਰੀਆ ਖ਼ਾਨ ਨੇ ਸੰਭਾਲਿਆ ਤਾਂ ਹਰ ਜਣਾ-ਖਣਾ ਸਿੱਖਾਂ ਉੱਪਰ ਜ਼ੁਲਮ ਕਰਨ ਲੱਗ ਪਿਆ । ਚੌਧਰੀ ਸਾਹਿਬ ਰਾਏ ਨੌਸ਼ਹਿਰਾ ਢਾਲਾ ਨੇ ਭਾਈ ਤਾਰਾ ਸਿੰਘ ਵਾਂ ਉੱਪਰ ਆਪਣੀਆਂ ਘੋੜੀਆਂ ਚੋਰੀ ਹੋਣ ਦਾ ਦੋਸ਼ ਮੜ੍ਹ ਕੇ ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ ਨੂੰ ਉਕਸਾਇਆ । ਜ਼ਕਰੀਆ ਖ਼ਾਨ ਦੇ ਹੁਕਮ ਦੀ ਤਾਮੀਲ ਕਰਨ ਲਈ ਇਲਾਕੇ ਦੇ ਸਾਰੇ ਫ਼ੌਜਦਾਰ ਸਿੱਖਾਂ ਨੂੰ ਫੜਵਾ ਕੇ ਲਾਹੌਰ ਸਰਕਾਰ ਦੀ ਖ਼ੁਸ਼ਨੂਦੀ ਪ੍ਰਾਪਤ ਕਰਨ ਵਿੱਚ ਦੂਜੇ ਤੋਂ ਮੂਹਰੇ ਹੋ ਕੇ ਤੁਰਦੇ ਸਨ । ਫ਼ੌਜਦਾਰ ਜਾਫ਼ਰ ਬੇਗ ਨੇ ਭਾਈ ਤਾਰਾ ਸਿੰਘ ਵਾਂ ਉੱਪਰ ਹਮਲਾ ਕਰਵਾ ਦਿੱਤਾ । ਜਦੋਂ ਜਾਫ਼ਰ ਬੇਗ ਨੂੰ ਇਸ ਹਮਲੇ ਵਿੱਚ ਮੂੰਹ ਦੀ ਖਾਣੀ ਪਈ ਤਾਂ ਉਹ ਇਲਾਕੇ ਦੇ ਚੌਧਰੀ ਸਾਹਿਬਰਾਏ ਨੂੰ ਆਪਣੇ ਨਾਲ ਜ਼ਕਰੀਆ ਖ਼ਾਨ ਦੇ ਕੋਲ ਲਾਹੌਰ ਲੈ ਗਿਆ । ਹੁਣ ਇਨ੍ਹਾਂ ਫ਼ੌਜਦਾਰ ਦੀ ਅਗਵਾਈ ਵਿੱਚ ਸਿੰਘਾਂ ਦੀ ਵੱਧ ਰਹੀ ਤਾਕਤ ਦਾ ਜ਼ਿਕਰ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤਾ ।

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



ਗੁੱਸੇ ਵਿੱਚ ਆਏ ਜ਼ਕਰੀਆ ਖ਼ਾਨ ਨੇ ਅਪਣੇ ਸੈਨਾਪਤੀ ਮੋਮਨ ਖ਼ਾਨ ਨੂੰ ਲਾਹੌਰ 2500 ਘੋੜ ਸਵਾਰ, ਪੰਜ ਹਾਥੀ ਅਤੇ ਕਈ ਤੋਪਾਂ ਦੇ ਕੇ ਭਾਈ ਤਾਰਾ ਸਿੰਘ ਵਾਂ ਨੂੰ ਗ੍ਰਿਫ਼ਤਾਰ ਕਰਨ ਲਈ ਭੇਜਿਆ । ਜਦੋਂ ਸੈਨਾਪਤੀ ਮੋਮਨ ਖ਼ਾਨ ਦੇ ਲਾਹੌਰ ਤੋਂ ਚੜ੍ਹ ਕੇ ਆਉਣ ਦੀ ਖ਼ਬਰ ਭਾਈ ਤਾਰਾ ਸਿੰਘ ਨੂੰ ਮਿਲੀ ਤਾਂ ਉਸ ਨੇ ਪਿੰਡ ਵਿੱਚ ਇਕੱਠੇ ਹੋਈ ਸਿੰਘਾਂ ਦੀ ਵਹੀਰ ਨੂੰ ਮਾਲਵੇ ਵੱਲ ਤੋਰ ਦਿੱਤਾ । ਭਾਈ ਤਾਰਾ ਸਿੰਘ ਨੇ ਆਪਣੇ ਨਾਲ ਕੇਵਲ 18 ਜੁਝਾਰੂ ਸਿੰਘਾਂ ਨੂੰ ਸ਼ਹੀਦੀ ਜਾਮ ਪੀਣ ਲਈ ਰੱਖ ਲਿਆ । ਸੈਨਾਪਤੀ ਮੋਮਨ ਖ਼ਾਨ ਦੀ ਵੱਡੀ ਫ਼ੌਜੀ ਟੁੱਕੜੀ ਨਾਲ ਮੁਕਾਬਲਾ ਕਰਨ ਲਈ ਸਿੰਘ ਮੈਦਾਨ ਵਿੱਚ ਡੱਟ ਗਏ । ਭਾਈ ਸਾਹਿਬ ਨਾਲ ਹਮਦਰਦੀ ਪ੍ਰਗਟ ਕਰਨ ਵਾਲੇ ਇਲਾਕੇ ਦੇ ਸਿੱਖਾਂ ਨੇ ਭਾਈ ਤਾਰਾ ਸਿੰਘ ਨੂੰ ਬਚ ਕੇ ਰਹਿਣ ਲਈ ਬੇਨਤੀਆਂ ਕੀਤੀਆਂ । ਇਲਾਕੇ ਦੇ ਸਿੱਖਾਂ ਦਾ ਕਹਿਣਾ ਸੀ, ਇਲਾਕੇ ਦੇ ਗਰੀਬ ਗੁਰਬੇ ਦੀ ਰੱਖਿਆ ਖ਼ਾਤਰ ਤੁਹਾਨੂੰ ਸਰੀਰ ਕਰਕੇ ਸਾਡੀ ਅਗਵਾਈ ਕਰਨੀ ਜ਼ਰੂਰੀ ਹੈ ।

ਰਾਤ ਦੇ ਹਨ੍ਹੇਰੇ ਦੇ ਵਿੱਚ ਮੋਮਨ ਖ਼ਾਨ ਦੀਆਂ ਫ਼ੌਜਾਂ ਨੇ ਪਿੰਡ ਵਾਂ ਨੂੰ ਘੇਰਾ ਪਾ ਲਿਆ । ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਅਤੇ ਨਿੱਤਨੇਮ ਤੋਂ ਉਪਰੰਤ ਭਾਈ ਤਾਰਾ ਸਿੰਘ ਦੀ ਅਗਵਾਈ ਵਿੱਚ ਸਿੰਘ ਆਪਣੇ-ਆਪਣੇ ਮੋਰਚਿਆਂ ਵਿੱਚ ਡੱਟ ਗਏ । ਗਹਿਗੱਚ ਯੁੱਧ ਹੋਇਆ । ਹਰ ਇਕ ਸਿੰਘ ਜਾਨ ਹੂਲ ਕੇ ਲੜਿਆ । ਰਾਤ ਪੈ ਜਾਣ ਕਾਰਨ ਲੜਾਈ ਬੰਦ ਹੋ ਗਈ । 24 ਦਸੰਬਰ, 1725 ਨੂੰ ਸਵੇਰ ਸਮੇਂ ਮੁੜ ਯੁੱਧ ਆਰੰਭ ਹੋ ਗਿਆ । ਭਾਈ ਤਾਰਾ ਸਿੰਘ ਵਾਂ ਦੀ ਅਗਵਾਈ ਵਿੱਚ 21 ਸਿੰਘਾਂ ਨੇ ਆਪਣੇ-ਆਪਣੇ ਸ਼ਸਤਰਾਂ ਦੀ ਵਰਤੋਂ ਕਰਦਿਆਂ ਦੁਸ਼ਮਣ ਨੂੰ ਭਾਜੜਾਂ ਪੁਆ ਦਿੱਤੀਆਂ । ਸੈਨਾਪਤੀ ਮੋਮਨ ਖ਼ਾਨ ਦੀਆਂ ਫੌਜਾਂ ਦਾ ਨੁਕਸਾਨ ਹੱਦ ਤੋਂ ਵੀ ਵੱਧ ਹੋਇਆ । ਹੁਣ 21 ਸਿੰਘਾਂ ਦੇ ਸ਼ਹੀਦੀ ਜਾਮ ਪੀਣ ਤੋਂ ਪਿੱਛੋਂ ਇਨ੍ਹਾਂ ਸਾਰੇ ਯੋਧਿਆਂ ਦੇ ਸਿਰਾਂ ਨੂੰ ਨੇਜਿਆਂ ਉੱਪਰ ਟੰਗ ਕੇ ਮੋਮਨ ਖ਼ਾਨ ਜਿੱਤ ਦੇ ਨਗਾਰੇ ਵਜਾਉਂਦਾ ਅਤੇ ਜਿੱਤ ਦੇ ਜਸ਼ਨ ਮਨਾਉਂਦਾ ਬਾਕੀ ਬਚੇ ਫ਼ੌਜੀਆਂ ਸਮੇਤ ਜ਼ਕਰੀਆ ਖ਼ਾਨ ਦੇ ਦਰਬਾਰ ਵਿੱਚ ਲਾਹੌਰ ਪੁੱਜਾ । ਮੋਮਨ ਖ਼ਾਨ ਨੇ ਆਪਣੇ ਨੇਜੇ ਉੱਪਰ ਸ਼ਹੀਦ ਭਾਈ ਤਾਰਾ ਸਿੰਘ ਵਾਂ ਦਾ ਸੀਸ ਟੰਗਿਆ ਹੋਇਆ ਸੀ ।

ਜਦੋਂ ਇਸ ਮੁਖ਼ਬਰੀ ਕਾਰਨ ਹੋਏ ਹਮਲੇ ਵਿੱਚ ਹੋਈਆਂ ਇਨ੍ਹਾਂ ਸ਼ਹਾਦਤਾਂ ਦੀ ਖ਼ਬਰ ਖ਼ਾਲਸੇ ਨੂੰ ਮਿਲੀ ਤਾਂ ਦੂਰ ਦੁਰਾਡੇ ਜੰਗਲਾਂ-ਬੇਲਿਆਂ ਵਿੱਚ ਰਹਿੰਦੇ ਖ਼ਾਲਸਾ ਪੰਥ ਨੇ 1726 ਦਾ ਸਾਲ ਚੜ੍ਹਦਿਆਂ ਹੀ ਸਰਬੱਤ-ਖ਼ਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਬੁਲਾਇਆ । ਸਰਬੱਤ-ਖ਼ਾਲਸਾ ਦੇ ਗੁਰਮਤੇ ਮੁਤਾਬਿਕ ਇਨ੍ਹਾਂ ਸ਼ਹਾਦਤਾਂ ਦਾ ਬਦਲਾ ਲੈਣ ਤੋਂ ਇਲਾਵਾ ਮੁਖ਼ਬਰੀ ਕਰਨ ਵਾਲੇ ਦੋਖੀਆਂ ਨੂੰ ਸਖ਼ਤ ਸਜਾਵਾਂ ਦੇਣ ਅਤੇ ਸੋਧਣ ਦਾ ਫੈਸਲਾ ਕੀਤਾ ਗਿਆ । ਇਸ ਮਹਾਨ ਸ਼ਹੀਦ ਭਾਈ ਤਾਰਾ ਸਿੰਘ ਵਾਂ ਦੇ ਸਿਦਕ, ਸਿਰੜ ਤੇ ਕੌਮੀ ਸੇਵਾ ਦੀ ਚਰਚਾ ਉਸ ਸਮੇਂ ਦੇ ਸਮੁੱਚੇ ਸਿੱਖ ਪੰਥ ਵਿੱਚ ਹੋ ਰਹੀ ਸੀ । ਸ਼ਹੀਦ ਭਾਈ ਤਾਰਾ ਸਿੰਘ ਵਾਂ ਅਤੇ ਇਸ ਅਸਾਂਵੇ ਯੁੱਧ ਦੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਅੰਮ੍ਰਿਤ ਸੰਚਾਰ

## 27 ਦਸੰਬਰ 2025

ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਰਿਵਾਰ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਹੋਵੇਗਾ

ਸ਼ਨਿੱਚਰਵਾਰ 27 ਦਸੰਬਰ ਬਾਅਦ ਦੁਪਹਿਰ 2 ਵਜੇ ਅੰਮ੍ਰਿਤ ਦਾ ਬਾਟਾ ਤਿਆਰ ਹੋਵੇਗਾ।



ਕੱਕਾਰਾ ਦੀ ਸੇਵਾ ਗੁਰਦੁਆਰਾ ਸਾਹਿਬ ਜੀ ਵੱਲੋਂ ਭੇਟਾਂ ਰਹਿਤ ਦਿੱਤੇ ਜਾਣਗੇ।

ਅੰਮ੍ਰਿਤ ਛਕਣ ਵਾਲੀ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ 2 ਘੰਟੇ ਪਹਿਲਾਂ 12 ਵਜੇ ਪਹੁੰਚਣ ਦੀ ਕਿਰਪਾਲਤਾ ਕਰਨੀ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

# ਬਰਫ਼ਾਨੀ ਤੂਫ਼ਾਨ ਵੀ ਨਹੀਂ ਰੋਕ ਸਕਿਆ ਸ਼ਾਇਰਾਂ ਦੇ ਕਦਮ, ਪੰਜਾਬੀ ਕਲਮ ਕੇਂਦਰ ਮੌਂਟਰੀਅਲ ਵੱਲੋਂ

# ਕਰਵਾਇਆ ਗਿਆ ਕਾਵਿ ਸਮਾਗਮ ਯਾਦਗਾਰੀ ਹੋ ਨਿਬੜਿਆ

















**ਮੌਂਟਰੀਅਲ, 23 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪਿਛਲੇ ਦਿਨੀਂ ਪੰਜਾਬੀ ਕਲਮ ਕੇਂਦਰ ਮੌਂਟਰੀਅਲ ਵੱਲੋ ਪੰਜਾਬ ਤੋਂ ਆਏ ਕਵੀ ਅਮਰਜੀਤ ਸਿੰਘ ਜੀਤ ਗ਼ਜ਼ਲਗੋ ਦੇ ਮਾਣ ਵਿੱਚ ਇਕ ਕਵੀ ਦਰਬਾਰ ਕਰਵਾਇਆ ਗਿਆ । ਕਵੀ ਦਰਬਾਰ ਦਾ ਅਗਾਜ਼ ਸ਼ਾਇਰ ਅਮਰਜੀਤ ਸਿੰਘ ਜੀਤ ਵੱਲੋਂ ਸ਼ਮਾ ਰੋਸ਼ਨ ਕਰਨ ਨਾਲ ਹੋਇਆ। ਸ਼ਮਾਂ ਰੋਸ਼ਨ ਹੋਣ ਉਪਰੰਤ ਸ਼ਾਇਰ ਮੋਹਣਪ੍ਰੀਤ ਸਿੰਘ ਪੱਤੜ ਨੇ ਮੰਚ ਦੀ ਜਿੰਮੇਵਾਰੀ ਸੰਭਾਲ਼ਦਿਆਂ ਕਵੀ ਹਰਜਿੰਦਰ ਸਿੰਘ ਪੱਤੜ ਨੂੰ ਮੰਚ ਤੇ ਬੁਲਾਇਆ, ਉਨ੍ਹਾਂ ਸ੍ਰੀ ਗੁਰੂ ਤੇਗ. ਬਹਾਦਰ ਜੀ ਸਜਦਾ ਕਰਦਿਆਂ ਗੁਰੂ ਸਾਹਿਬ ਦੀ ਸ਼ਹੀਦੀ ਬਾਬਤ ਇੱਕ ਭਾਵਪੂਰਤ ਲੰਬੀ ਕਵਿਤਾ ਸਰੋਤਿਆਂ ਨਾਲ਼ ਸਾਂਝੀ ਕੀਤੀ। ਫਿਰ ਲੇਖਕ ਸੁਖਵਿੰਦਰ ਜੂਤਲਾ ਨੇ ਆਪਣੀ ਕਵਿਤਾ ਪੜ੍ਹੀ ਇਸ ਦੇ ਨਾਲ਼ ਹੀ ਮੋਹਣਪ੍ਰੀਤ ਪੱਤੜ ਨੇ ਲਹਿੰਦੇ ਪੰਜਾਬ ਦੇ ਸ਼ਾਇਰ ਸ਼ੋਇਬ ਸਾਦਿਕ ਨੂੰ ਮੰਚ ਤੇ ਸੱਦਾ ਦਿੱਤਾ ਜਿਸ ਨੇ ਕੋਰਨਵਾਲ, ਓਨਟਾਰੀਓ ਤੋਂ ਆ ਕੇ ਆਪਣੀਆਂ ਸੁੰਦਰ ਗ਼ਜ਼ਲਾਂ ਨਾਲ਼ ਮਹਿਫ਼ਲ ਗਰਮਾ ਦਿੱਤੀ। ਅਗਲੀ ਹਿੰਦੀ ਦੀ ਸ਼ਾਇਰਾ ਤੇ ਰੇਡੀਓ ਹੋਸਟ ਨੇ ਹਿੰਦੀ ਇੱਕ ਕਵਿਤਾ 'ਬਾਪ ਨੂੰ ਸਮਰਪਿਤ' ਨਾਲ਼ ਆਪਣੀ ਹਾਜ਼ਰੀ ਲਗਵਾਈ। ਫਿਰ ਦਿੱਲੀ ਤੋਂ ਆਏ ਕਵੀ ਸ਼੍ਰੀ ਅਨਿਲ ਭਾਰਦਵਾਜ ਨੇ ਆਪਣੀ ਇੱਕ ਕਵਿਤਾ ਸਰੋਤਿਆਂ ਨਾਲ਼ ਸਾਂਝੀ ਕੀਤੀ। ਹੁਣ ਆਈ ਵਾਰੀ ਉਸ ਸ਼ਾਇਰ ਜਿਸ ਨੂੰ ਸੁਣਨ ਲਈ ਸਰੋਤੇ ਉਤਾਵਲੇ ਸਨ ਮੋਹਣਪ੍ਰੀਤ ਪੱਤੜ ਨੇ ਬੜੇ ਮਾਣ ਨਾਲ਼ ਗ਼ਜ਼ਲਗੋ ਅਮਰਜੀਤ ਸਿੰਘ ਜੀਤ ਨੂੰ ਮੰਚ ਤੇ ਸੱਦਿਆ ਤਾਂ 'ਜੀਤ' ਜੀ ਨੇ ਆਪਣੀਆਂ ਗ਼ਜ਼ਲਾਂ ਦੀ ਛਹਿਬਰ ਲਾ ਕੇ ਸਰੋਤਿਆਂ ਦੇ ਦਿਲ ਜਿੱਤ ਲਏ। ਕਾਵਿ ਸਮਾਗਮ ਨੂੰ ਜਾਰੀ ਰੱਖਦਿਆਂ ਅਮਨਦੀਪ 'ਅਮਨ', ਹਰਜਿੰਦਰ ਰਾਹੀ ਅਤੇ ਮਧੂ ਸਾਹਨੀ ਨੇ ਆਪਣੀਆਂ ਪਿਆਰੀਆਂ ਰਚਨਾਵਾਂ ਸਰੋਤਿਆਂ ਨਾਲ਼ ਸਾਂਝੀਆਂ ਕਰਕੇ ਵਾਹਵਾ ਖੱਟੀ। ਇਸ ਦੌਰਾਨ ਦਿੱਲੀ ਤੋਂ ਆਈ ਗਾਇਕਾ ਦੇ ਇੱਕ ਗੀਤ ਨਾਲ ਹਾਜਰੀ ਲਵਾਉਣ ਤੋਂ ਪਹਿਲਾਂ ਚਿੱਤਰਕਾਰ ਤੇ ਕਵੀ ਮਨਜੀਤ ਸਿੰਘ ਚਾਤ੍ਰਿਕ ਨੂੰ ਮੰਚ ਤੇ ਬੁਲਾਇਆ ਗਿਆ ਤੇ ਉਨ੍ਹਾਂ ਸ੍ਰੀ ਗੁਰੂ ਤੇਗ. ਬਹਾਦਰ ਜੀ ਬਾਰੇ ਇੱਕ ਇਤਿਹਾਸਕ ਕਵਿਤਾ ਸੁਣਾ ਕੇ ਸਰੋਤਿਆਂ ਨਾਲ ਸਾਂਝ ਪਾਈ ।ਆਖ਼ਰ ਵਿੱਚ ਪੰਜਾਬੀ ਕਲਮ ਕੇਂਦਰ ਦੇ ਮੈਂਬਰਾ ਨੇ ਸ਼ਾਇਰ ਅਮਰਜੀਤ ਜੀਤ ਨੂੰ ਸਨਮਾਨ ਬਖਸ਼ਿਆ। ਮੰਚ ਦੀ ਸਾਰੀ ਜਿੰਮੇਵਾਰੀ ਵਾਰੀ ਮੋਹਣਪ੍ਰੀਤ ਸਿੰਘ ਪੱਤੜ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਕੁਲਵੰਤ ਕੌਰ, ਗੁਰਬਖਸ਼ ਕੌਰ, ਹਰਦੀਪ ਕੌਰ, ਮਨਜੀਤ ਕੌਰ, ਮਾਤਾ ਮੁਹਿੰਦਰ ਕੌਰ ਅਤੇ ਸੁਰਾਜ ਕੌਰ ਸਰੋਤਿਆਂ ਵਿੱਚ ਵਿਸ਼ੇਸ਼ ਤੌਰ ਹਾਜ਼ਰ ਰਹੇ। ਸਮਾਗਮ ਦੇ ਆਖਰ ਵਿੱਚ ਪੰਜਾਬੀ ਕਲਮ ਕੇਂਦਰ ਮੌਂਟਰੀਅਲ ਦੇ ਮੁੱਖ ਕਾਰਜ ਕਰਤਾ ਹਰਜਿੰਦਰ ਸਿੰਘ ਪੱਤੜ ਹੁਰਾਂ ਨੇ ਸਮੂਹ ਸਰੋਤਿਆਂ ਤੇ ਸ਼ਿਰਕਤ ਕਰਨ ਵਾਲੇ ਸਾਰੇ ਕਵੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

**-ਹਰਜਿੰਦਰ ਸਿੰਘ ਪੱਤੜ**
**ਕਾਰਜ ਕਰਤਾ ਪੰਜਾਬੀ ਕਲਮ ਕੇਂਦਰ ਮੌਂਟਰੀਅਲ**



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਅੱਜ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਹਠੀਲਾ ਸਿੰਘ ਸੀ ਭਾਈ ਤਾਰਾ ਸਿੰਘ ਜੀ 'ਵਾਂ'

**ਭਾਈ ਤਾਰਾ ਸਿੰਘ 'ਵਾਂ'** ਦੇ ਦਾਦਾ ਦਾ ਨਾਂਅ 'ਚਘਾ' ਸੀ ਤੇ 'ਚਘਾ' ਦੇ ਵਡੇਰੇ ਪਿੰਡ ਈਚੋਗਿਲ ਉਤਾੜ ਦੇ ਰਹਿਣ ਵਾਲੇ ਸਨ, ਪਰ ਇਹ ਆਪਣਾ ਪਿੰਡ ਛੱਡ ਕੇ ਪਿੰਡ 'ਵਾਂ' ਆ ਕੇ ਵੱਸ ਗਏ ਸਨ। 'ਚਘਾ' ਜੀ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਅਨਿੰਨ ਸੇਵਕ ਸ਼ਰਧਾਲੂ ਸਨ। 'ਚਘਾ' ਜੀ ਦੇ ਘਰ ਮਾਹੀ, ਜੈਤਾ ਤੇ ਗੁਰਦਾਸ ਤਿੰਨ ਪੁੱਤਰ ਪੈਦਾ ਹੋਏ ਗੁਰਦਾਸ ਜੀ ਛੋਟੇ ਸਨ। ਗੁਰਦਾਸ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅੰਮ੍ਰਿਤ ਪਾਨ ਕੀਤਾ ਤੇ ਸਿੰਘ ਸੱਜ ਗਏ ਜਦ ਗੁਰੂ ਗੋਬਿੰਦ ਸਿੰਘ ਜੀ ਦੱਖਣ ਵਾਲੇ ਪਾਸੇ ਚਲੇ ਗਏ ਤਾਂ ਇਹ ਆਪਣੇ ਪਿੰਡ ਆ ਕੇ ਜੱਟਾਂ ਦਾ ਕੰਮ ਵਾਹੀ ਖੇਤੀ ਕਰਨ ਲੱਗ ਪਏ।



ਜਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਪੰਜਾਬ ਵੱਲ ਕੂਚ ਕੀਤਾ ਤਾਂ ਪਤਾ ਲੱਗਣ ਤੇ ਭਾਈ ਗੁਰਦਾਸ ਸਿੰਘ ਜੀ ਬਾਬਾ ਬੰਦਾ ਬਹਾਦਰ ਜੀ ਦੇ ਨਾਲ ਜੰਗਾਂ ਯੁੱਧਾਂ ਵਿੱਚ ਹਿੱਸਾ ਲੈਣ ਲੱਗੇ। ਭਾਈ ਗੁਰਦਾਸ ਜੀ ਦੇ ਘਰ ਪੰਜ ਪੁੱਤਰ ਭਾਈ ਤਾਰਾ ਸਿੰਘ, ਭਾਗ ਸਿੰਘ, ਸੰਗਤ ਸਿੰਘ, ਨਥੂ ਸਿੰਘ ਤੇ ਕਥੂ ਸਿੰਘ ਪੈਦਾ ਹੋਏ। ਭਾਈ ਤਾਰਾ ਸਿੰਘ ਸਭ ਤੋਂ ਵੱਡੇ

ਆਵਾਜ਼ਿ ਕੌਮ AWAZE QAUM International Newspaper & WEB TV

ਥਾਂ ਸਨ। ਭਾਈ ਤਾਰਾ ਸਿੰਘ ਦਾ ਜਨਮ 1702 ਈ: ਵਿਚ ਪਿਤਾ ਭਾਈ ਗੁਰਦਾਸ ਸਿੰਘ ਜੀ ਦੇ ਘਰ ਪਿੰਡ 'ਵਾਂ' ਵਿੱਚ ਹੋਇਆ। ਜਦੋਂ ਭਾਈ ਮਨੀ ਸਿੰਘ ਜੀ ਮਾਤਾ ਸੁੰਦਰੀ ਜੀ ਦੇ ਅਦੇਸ਼ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸਾਂਭ ਸੰਭਾਲ ਲਈ ਆਏ ਤਾਂ ਭਾਈ ਤਾਰਾ ਸਿੰਘ 'ਵਾਂ' ਨੇ ਭਾਈ ਮਨੀ ਸਿੰਘ ਜੀ ਦੇ ਜੱਥੇ ਤੋਂ ਅੰਮ੍ਰਿਤ ਪਾਨ ਕੀਤਾ ਤੇ ਸਿੰਘ ਸਜ ਗਏ ਘਰ ਵਾਹੀ ਖੇਤੀ ਦਾ ਕੰਮ ਭਾਈ ਤਾਰਾ ਸਿੰਘ ਹੀ ਕਰਦੇ ਸਨ। ਭਾਈ ਤਾਰਾ ਸਿੰਘ ਨੇ ਆਪਣੇ ਖੇਤਾਂ ਵਿੱਚ ਇੱਕ ਖੁੱਲਾ ਵਾੜਾ (ਕੰਡੇ ਵਾਲੇ ਦਰੱਖਤਾਂ ਦੀ ਸੰਘਣੀ ਵਾੜ) ਵਲਿਆ ਹੋਇਆ ਸੀ। ਜਿਸ ਵਿੱਚ ਨਾ ਤਾਂ ਕੋਈ ਘੋੜੇ ਤੇ ਸਿੱਧਾ ਅੰਦਰ ਆ ਸਕਦਾ ਸੀ ਤੇ ਨਾ ਹੀ ਊਠ ਤੇ ਸਵਾਰ ਦੀ ਅੰਦਰ ਨਜ਼ਰ ਪੈ ਸਕਦੀ ਸੀ। ਸਿਰਫ ਅੰਦਰ ਆਉਣ ਜਾਣ ਲਈ ਇੱਕ ਦਰਵਾਜ਼ਾ ਸੀ ਜੋ ਅੰਦਰੋ ਬਾਹਰੋਂ ਬੰਦ ਹੋ ਜਾਂਦਾ ਸੀ ਅੰਦਰ ਇੱਕ ਬਹੁਤ ਹੀ ਡੂੰਘਾ ਟੋਇਆ ਪੱਟਿਆ ਹੋਇਆਂ ਸੀ, ਜਿਸ ਵਿਚ ਦਰੱਖਤਾਂ ਦੇ ਵੱਡੇ-ਵੱਡੇ ਮੁੰਢ ਸੁੱਟ ਕੇ ਅੱਗ ਲਾਈ ਜਾਂਦੀ ਸੀ ਜੋ ਸਾਰਾ ਸਿਆਲ ਮੱਘਦੇ ਰਹਿੰਦੇ ਸਨ ਤੇ ਰਾਤ ਬਰਾਤੇ ਆਏ ਸਿੰਘਾਂ ਲਈ ਪਾਲੇ ਤੋਂ ਬੱਚਣ ਦਾ ਵਧੀਆਂ ਜਰੀਆਂ ਸੀ।

ਭਾਈ ਤਾਰਾ ਸਿੰਘ ਆਪਣੀ ਕਿਰਤ ਕਮਾਈ ਵਿੱਚੋਂ ਵੰਡ ਕੇ ਛੱਕਣ ਨੂੰ ਤਰਜੀਹ ਦਿੰਦੇ ਸਨ। ਇਸੇ ਲਈ ਇੰਨ੍ਹਾਂ ਦੇ ਵਾੜੇ ਵਿੱਚ ਗੁਰੂ ਕਾ ਅਤੁੱਟ ਲੰਗਰ ਚੌਵੀ ਘੰਟੇ ਚੱਲਦਾ ਰਹਿੰਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜ਼ਕਰੀਆ ਖਾਨ ਨੇ ਬਚੇ ਹੋਏ ਸਿੰਘਾਂ ਤੇ ਹੱਦੋ ਵੱਧ ਸਖਤੀ ਕੀਤੀ ਤਾਂ ਸਿੰਘ ਸਭ ਕੁਝ ਛੱਡ ਕੇ ਜੰਗਲਾਂ ਵਿੱਚ ਚਲੇ ਸਨ। ਆਪਣੇ ਗੁਜ਼ਰ ਬਸਰ ਵਾਸਤੇ ਮੁਗਲਾਂ, ਪਠਾਣਾਂ, ਸੌਦਾਗਰਾਂ ਤੇ ਸਰਕਾਰੀ ਖਜ਼ਾਨਿਆਂ ਨੂੰ ਆਪਣੀ ਲੁੱਟ ਦਾ ਸ਼ਿਕਾਰ ਬਣਾਉਂਦੇ ਸਨ ਤੇ ਫਿਰ ਜੰਗਲਾਂ ਵਿੱਚ ਰੂਪੋਸ਼ ਹੋ ਜਾਦੇ ਸਨ ਤੇ ਰਾਤ ਭਾਈ ਤਾਰਾ ਸਿੰਘ ਦੇ ਵਾੜੇ ਵਿੱਚ ਲੰਗਰ ਪਾਣੀ ਛੱਕਣ ਤੇ ਅਰਾਮ ਕਰਨ ਲਈ ਆ ਜਾਂਦੇ ਸਨ। ਸਵੇਰ ਹੋਣ ਤੇ ਫਿਰ ਨਿਕਲ ਜਾਂਦੇ ਸਨ।

ਦੂਜਾ ਭਾਈ ਤਾਰਾ ਸਿੰਘ 'ਵਾਂ' ਘੋੜਿਆਂ ਦੇ ਚੰਗੇ ਪਾਰਖੂ ਤੇ ਘੋੜਿਆਂ ਦੀ ਦਵਾ ਦਾਰੂ ਬਾਰੇ ਬਾਖੂਬੀ ਜਾਣਦੇ ਸਨ। ਇਸ ਲਈ ਇੰਨ੍ਹਾਂ ਦੇ ਵਾੜੇ ਦੀ ਚਾਰੇ ਪਾਸੇ ਚਰਚਾ ਸੀ। ਜ਼ਿਆਦਾਤਰ ਸਿੰਘ ਇਸ ਵਾੜੇ ਵਿੱਚ ਹੀ ਆ ਕੇ ਠਹਿਰਦੇ ਸਨ। ਉੱਧਰ ਜਦ ਨੌਸ਼ਿਹਰੇ ਢਾਲੇ ਦੇ ਚੌਧਰੀ ਸਾਹਿਬ ਰਾਏ ਨੇ ਪਿੰਡ 'ਪਢਾਣਾ' ਦੇ ਦੋ ਸਿੰਘਾਂ ਭਾਈ ਮਾਲੀ ਸਿੰਘ ਤੇ ਭਾਈ ਗੁਰਬਖਸ਼ ਸਿੰਘ ਦੀ ਫਸਲ ਘੋੜੀਆਂ ਛੱਡ ਕੇ ਉਜਾੜ ਦਿੱਤੀ ਤਾਂ ਇੰਨ੍ਹਾਂ ਸਿੰਘਾਂ ਦੇ ਰੋਕਣ ਤੇ ਕੇਸਾਂ ਦੇ ਰੱਸੇ ਵੱਟਣ ਤੇ ਮੌਤ ਦੀਆਂ ਧਮਕੀਆਂ ਦੇਣ ਲੱਗਾ ਤੇ ਕਈ ਬੋਲ ਕੁਬੋਲ ਬੋਲਣ ਲੱਗਾ। ਇੰਨ੍ਹਾਂ ਦੋਵਾਂ ਸਿੰਘਾਂ ਨੇ ਇਸ ਦੀਆਂ ਘੋੜੀਆਂ ਰਾਤੋ ਰਾਤ ਕਿਧਰੇ ਦੂਰ ਦੁਰਾਡੇ ਭਿੱਜਵਾ ਦਿੱਤੀਆਂ ਤੇ ਆਪ ਭਾਈ ਤਾਰਾ ਸਿੰਘ ਦੇ ਵਾੜੇ ਵਿੱਚ ਚਲੇ ਗਏ। ਚੌਧਰੀ ਸਾਹਿਬ ਰਾਏ ਵੀ ਮਗਰ ਹੀ ਪਹੁੰਚ ਗਿਆ ਤੇ ਭਾਈ ਤਾਰਾ ਸਿੰਘ ਤੇ ਦੋਸ਼ ਲਾਇਆ। ਉੱਥੇ ਮੌਜੂਦ ਸਿੰਘਾਂ ਨੇ ਇਸ ਨੂੰ ਫੜ ਕੇ ਹੱਡੀਆਂ ਨੂੰ ਚੰਗਾ ਸੇਕ ਦਿੱਤਾ। ਇਹ ਬੜੀ ਮੁਸ਼ਕਿਲ ਨਾਲ ਜਾਨ ਬਚਾ ਕੇ ਪੱਟੀ ਦੇ ਫੌਜਦਾਰ 'ਜ਼ਾਫਰ ਬੇਗ' ਦੀ ਕਚਹਿਰੀ ਵਿੱਚ ਪੁੱਜਾ ਤੇ ਸਿੱਖਾਂ ਦੀ ਵੱਧਦੀ ਹੋਈ ਤਾਕਤ ਨੂੰ ਕਾਬੂ ਕਰਨ ਦੇ ਵਾਸਤੇ ਪਾਉਣ ਲੱਗਾ। ਇਹ ਖਬਰ ਲਾਹੌਰ ਜਕਰੀਆਂ ਖਾਨ ਤੱਕ ਪਹੁੰਚ ਗਈ ਤਾਂ ਉਸਨੇ ਮੋਮਨ ਖਾਨ ਨੂੰ ਭਾਰੀ ਭਰਕਮ ਪੈਦਲ ਤੇ ਘੋੜ ਸਵਾਰ ਫੌਜ, ਭਾਰੀ ਗੋਲੀ ਸਿੱਕਾ ਦੇ ਕੇ ਭਾਈ ਤਾਰਾ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਭੇਜਿਆ।

ਭਾਈ ਤਾਰਾ ਸਿੰਘ ਨੂੰ ਖਬਰ ਮਿਲ ਗਈ ਕਿ ਫੌਜਾਂ ਚੜ੍ਹ ਆਈਆਂ ਹਨ ਤਾਂ ਸਿੰਘਾਂ ਨੇ ਮਤਾ ਪਕਾਇਆ ਕਿ ਸਿਰਫ 18 ਸਿੰਘ ਹੀ ਇਸ ਫੌਜ ਦੇ ਮੁਕਾਬਲੇ ਤੇ ਡੱਟੇ ਰਹਿਣਗੇ ਤੇ ਬਾਕੀ ਦਰਿਆ ਪਾਰ ਮਾਲਵੇ ਖੇਤਰ ਵੱਲ ਚਲੇ ਜਾਣ। ਫੌਜ ਨੇ ਆਣ ਘੇਰਾ ਪਾਇਆ ਤੇ ਰਾਤ ਹੋਣ ਕਾਰਨ ਸਵੇਰ ਦੀ ਉਡੀਕ ਹੋਣ ਲੱਗੀ। ਭਾਈ ਸਾਹਬ ਜਾਣ ਗਏ ਕਿ ਸ਼ਹੀਦੀਆਂ ਪਾਉਣ ਦਾ ਵਕਤ ਆ ਗਿਆ ਹੈ। ਅੰਮ੍ਰਿਤ ਵੇਲੇ ਇਸ਼ਨਾਨ ਕਰ ਅਰਦਾਸਾ ਸੋਧ ਜੈਕਾਰੇ ਲਾਏ, ਨਗਾਰੇ ਤੇ ਚੋਟਾਂ ਲਾ ਘਮਸਾਨ ਦਾ ਯੁੱਧ ਸ਼ੁਰੂ ਹੋਇਆ। ਸਿੰਘਾਂ ਨੇ ਵੱਡੇ-ਵੱਡੇ ਅਫਸਰ ਤੱਕੀ ਬੇਗ, ਮੁਰੀਦ ਖਾਨ, ਮਨਸਾ ਰਾਮ ਤੇ ਦਯਾ ਰਾਮ ਨੂੰ ਪਾਰ ਬੁਲਾ ਦਿੱਤਾ। ਬਾਹਰੋਂ ਹਨੇਰੀ ਵਾਂਗ ਆਏ ਪਿੰਡ ਕਰਬਾਠ ਦੇ ਦੋ ਤਿੰਨ ਸਿੰਘ ਫੌਜ ਦੀ ਵੱਢ ਟੁੱਕ ਕਰਕੇ ਅੰਦਰਲੇ ਸਿੰਘਾਂ ਨਾਲ ਜਾ ਰਲੇ। ਰਾਤ ਹੋਣ ਤੇ ਜੰਗ ਫਿਰ ਰੁਕ ਗਈ।

ਅਗਲੀ ਸਵੇਰ 24 ਦਸੰਬਰ 1725 ਈ: ਨੂੰ ਫਿਰ ਜੰਗ ਸ਼ੁਰੂ ਹੋਈ ਜ਼ੁਲਮ ਦਾ ਟਾਕਰਾ, ਫੌਜ ਦਾ ਹੱਦੋਂ ਵੱਧ ਨੁਕਸਾਨ ਕਰਕੇ 21 ਸਿੰਘ ਸ਼ਹੀਦੀ ਪ੍ਰਾਪਤ ਕਰ ਗਏ ਮੋਮਨ ਖਾਨ ਭਾਈ ਤਾਰਾ ਸਿੰਘ ਸਮੇਤ ਸਾਰੇ ਸਿੰਘਾਂ ਦੇ ਸਿਰ ਨੇਜ਼ਿਆ ਉੱਪਰ ਟੰਗ ਕੇ ਲਾਹੌਰ ਪਹੁੰਚ ਗਿਆ। ਭਾਈ ਤਾਰਾ ਸਿੰਘ 'ਵਾਂ' ਜੀ ਦੀ ਸ਼ਹੀਦੀ ਤੋਂ ਬਾਅਦ ਅਗਲੇ ਹੀ ਸਾਲ 'ਸਰਬੱਤ ਖਾਲਸਾ' ਨੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦਾ ਫੈਸਲਾ ਕੀਤਾ। ਸਿੱਖ ਕੌਮ ਅਜਿਹੇ ਬਹਾਦਰ, ਨਿੱਡਰ , ਨਿਰਭੈ ਤੇ ਸੂਰਬੀਰ ਯੋਧਿਆਂ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦੀ ਹੈ।

**-ਧਰਮਿੰਦਰ ਸਿੰਘ (ਚੱਬਾ)**
**ਪਿੰਡ ਤੇ ਡਾਕ:ਚੱਬਾ, ਤਰਨ ਤਾਰਨ ਰੋਡ, ਅੰਮ੍ਰਿਤਸਰ**

ਅੱਜ ਬਰਸੀ 'ਤੇ ਵਿਸ਼ੇਸ਼

# ਸੰਤ ਬਾਬਾ ਠਾਕੁਰ ਸਿੰਘ ਜੀ ਭਿੰਡਰਾਂਵਾਲੇ

**ਸਤਿਗੁਰ ਬਚਨ ਕਮਾਏ ਜਿਨਿ ਜੀਤੇ ਪੰਚ ਬਿਕਾਰ**
**ਤਿਨੁ ਸੰਤਨੁ ਕਉ ਬੰਦਨਾ ਸਿਰੁ ਚਰਨਨਿ ਪਰ ਧਾਰਿ**

ਸੰਤ ਬਾਬਾ ਠਾਕੁਰ ਸਿੰਘ ਜੀ ਮਹਾਂਪੁਰਸ਼ਾਂ ਨੂੰ ਸਿੰਘਾਂ ਨੇ ਦੱਸਿਆ ਕਿ ਬਾਬਾ ਜੀ ਬੜਾ ਕਹਿਰ ਹੋਇਆ,ਪਾਪੀ ਜਾਲ੍ਹਮ ਪੂਹਲੇ ਨੇ ਭਾਈ ਬਲਵਿੰਦਰ ਸਿੰਘ ਜਟਾਣਾ ਦਾ ਪਰਿਵਾਰ ਜਿਊਂਦਾ ਸਾੜ੍ਹ ਦਿੱਤਾ ਹੈ।

ਮਹਾਂਪੁਰਸ਼ ਕਹਿਣ ਲੱਗੇ "ਸਿੰਘੋ ਪੂਹਲਾ ਵੀ ਜਿਊਂਦਾ ਹੀ ਸੜ੍ਹ ਕੇ ਮਰੂਗਾ"

ਇਹ ਬਚਨ ਮਹਾਂਪੁਰਖਾਂ ਨੇ ਅਗਸਤ 1991 ਵਿਚ ਕਹੇ ਸਨ ਜੋ ਅਗਸਤ 2008 ਵਿਚ ਪੂਰੇ ਹੋਏ ਜਦੋਂ ਅੰਮ੍ਰਿਤਸਰ ਦੀ ਜ਼ੇਲ੍ਹ ਵਿਚ

ਆਵਾਜ਼ਿ ਕੌਮ AWAZE QAUM International Newspaper & WEB TV

ਪੂਹਲੇ ਨੂੰ ਮਾਝੇ ਦੇ ਦੋ ਸਿੰਘਾਂ ਤੇਲ ਪਾ ਕੇ ਜਿਊਂਦਾ ਫੂਕ ਦਿੱਤਾ ਇਤਫਾਕਨ ਉਸ ਦਿਨ ਵੀ ਅਗਸਤ ਦੀ ਉਹੀ ਤਰੀਕ ਸੀ ।

ਦਮਦਮੀ ਟਕਸਾਲ ਵਿਖੇ ਦਰਸ਼ਨ ਦੀਦਾਰ ਲਈ ਇਕ ਗੁਰਸਿੱਖ ਪਰਿਵਾਰ ਆਇਆ ਜਿੰਨਾ ਨੇ ਬਾਬਾ ਜੀ ਨੂੰ ਲੈਂਸਰ ਕਾਰ ਭੇਟਾ ਕੀਤੀ ਤਾਂ ਬਾਬਾ ਜੀ ਨੇ ਕਿਹਾ ਕਿ ਸਾਡੇ ਕੋਲ ਤੇ ਗੁਜ਼ਾਰੇ ਯੋਗ ਸਾਧਨ ਹਨ, ਇਹ ਕਾਰ ਸਾਨੂ ਨਹੀਂ ਚਾਹੀਦੀ,ਪਰਿਵਾਰ ਨੇ ਬੇਨਤੀ ਕੀਤੀ ਬਾਬਾ ਜੀ ਆਪ ਜੀ ਇਹ ਪ੍ਰਵਾਨ ਕਰ ਲਵੋ ,ਉਸੇ ਵਕਤ ਸ਼ਹੀਦ ਭਾਈ ਹਰਜਿੰਦਰ ਸਿੰਘ ਜੀ ਦੇ ਮਾਤਾ ਜੀ ਬਾਬਾ ਜੀ ਕੋਲ ਦਰਸ਼ਨਾਂ ਨੂੰ ਆਏ,ਮਾਤਾ ਜੀ ਦੇ ਪੈਰਾਂ ਵਿਚ ਰਬੜ੍ਹ ਦੀਆਂ ਚੱਪਲਾਂ ਪਹਿਨੀਆਂ ਸਨ,ਬਾਬਾ ਠਾਕੁਰ ਸਿੰਘ ਜੀ ਨੇ ਸਿੰਘਾਂ ਨੂੰ ਕਿਹਾ "ਸਿੰਘੋ ਆਹ ਵੇਖੋ ਸ਼ਹੀਦ ਦੀ ਮਹਾਨ ਮਾਤਾ ਜੀ ਨੇ ਰਬੜ੍ਹ ਦੀਆਂ ਚੱਪਲਾਂ ਪਹਿਨੀਆਂ ਨੇ ਤੇ ਮੈਂ ਮਹਿੰਗੀਆਂ ਕਾਰਾ ਚ ਕਿਵੇਂ ਬੈਠ ਸਕਦਾ ਹਾਂ... ?



ਸ਼ਮਸ਼ੇਰ ਸਿੰਘ ਜੇਠੂਵਾਲ

ਗੁਰੂ ਕੀ ਖੁਸ਼ੀ ਇਸ ਗੱਲ ਵਿਚ ਹੈ ਕਿ ਇਹ ਕਾਰ ਵੇਚ ਕੇ ਸਾਰੀ ਰਕਮ ਇਸ ਮਾਤਾ ਜੀ ਦੇ ਚਰਨਾਂ ਚ ਰੱਖ ਦੇਵੋ÷ਇਹ ਸੁਣ ਕੇ ਸੇਵਕ ਪਰਿਵਾਰ ਨੇ ਬੇਨਤੀ ਕੀਤੀ ਬਾਬਾ ਜੀ ਆਪ ਜੀ ਕਾਰ ਚ ਚਰਨ ਪਾ ਦੇਵੋ ਇਹ ਕਾਰ ਅਸੀਂ ਘਰ ਚ ਰੱਖ ਲਵਾਂਗਾ ਤੇ ਕਾਰ ਦੀ ਰਕਮ ਹੁਣੇ ਲਿਆ ਕੇ ਸ਼ਹੀਦ ਹਰਜਿੰਦਰ ਸਿੰਘ ਜੀ ਦੇ ਮਾਤਾ ਜੀ ਨੂੰ ਭੇਂਟ ਕਰ ਦੇਂਦੇ ਹਾਂ,ਫੇਰ ਉਸ ਪਰਿਵਾਰ ਨੇ ਕਾਰ ਦੀ ਸਾਰੀ ਰਕਮ ਮਾਤਾ ਜੀ ਨੂੰ ਦੇ ਦਿਤੀ।

ਪਿਛੇ ਜਹੇ ਨਾਮਧਰੀਕ ਨਿੰਦਕਾਂ ਨੇ ਜਦੋਂ ਮਹਾਂਪੁਰਸ਼ਾਂ ਬਾਰੇ ਕੂੜ੍ਹ ਪ੍ਰਚਾਰ ਕੀਤਾ ਤਾਂ ਉਨਾ ਦਾ ਮੂੰਹ ਭੰਨਣ ਲਈ ਅਮਰ ਸ਼ਹੀਦ ਭਾਈ ਜੁਗਰਾਜ ਸਿੰਘ ਦੀ ਧੀ ਨੇ ਵਿਦੇਸ਼ ਦੀ ਧਰਤੀ ਤੋਂ ਲਾਈਵ ਵੀਡੀਓ ਰਾਂਹੀ ਦੱਸਿਆ ਕਿ ਮਹਾਂਪੁਰਸ਼ ਸਿੰਘਾਂ ਨੂੰ ਏਨਾ ਪਿਆਰ ਕਰਦੇ ਸਨ ਜਿਸਦੀ ਮਿਸਾਲ ਜਦੋਂ ਮੇਰੇ ਪਿਤਾ ਸ਼ਹੀਦ ਹੋਏ ਬਾਬਾ ਜੀ ਪੈਦਲ ਚੱਲ ਕੇ ਸਾਡੇ ਘਰ ਆਏ ਤੇ ਕਹਿਣ ਲੱਗੇ "ਮੇਰਾ ਪੁੱਤ ਸ਼ਹੀਦ ਹੋ ਗਿਆ" ਸ਼ਹੀਦੀ ਤੋਂ ਬਾਅਦ ਮੇਰੀ ਮਾਂ ਨੂੰ ਮਨ ਹੀ ਮਨ ਮੇਰੀ ਬੜੀ ਚਿੰਤਾ ਸੀ ਬਾਬਾ ਜੀ ਨੇ ਮੈਨੂੰ ਗੋਦੀ ਚੁੱਕਿਆ ਤੇ ਕਹਿਣ ਲੱਗੇ ਇਹ ਮੇਰੀ ਧੀ ਹੈ ਤੁਸਾ ਚਿੰਤਾ ਨਹੀ ਕਰਨੀ ਅਸੀ ਇਸਦਾ ਵਿਆਹ ਕਰਾਂਗੇ ਤੇ ਦਾਜ ਵਿਚ ਗੱਡੀ ਦਿਆਂਗੇ।

ਸਾਰੀ ਉਮਰ ਏਨਾ ਪਿਆਰ ਕਰਦੇ ਰਹੇ ਕਿ ਜਦੋਂ ਵਿਦੇਸ਼ ਤੋਂ ਆਉਂਦੇ ਕੰਬਲ ਤੇ ਹੋਰ ਜਰੂਰਤ ਦੀਆਂ ਵਸਤਾਂ ਲੈ ਕੇ ਆਉਂਦੇ ਉਨ੍ਹਾਂ ਵਰਗਾ ਕੌਣ ਹੋ ਸਕਦਾ,ਉਹ ਤੇ ਸਾਡੇ ਲਈ ਉਸ ਬਿਖੜੇ ਸਮੇਂ ਰੱਬ ਸਨ।

ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਨੇ ਕਥਾ ਦੌਰਾਨ ਦੱਸਿਆ ਕਿ ਇਕ ਸਬਜੀ ਵੇਚਣ ਵਾਲਾ ਜੱਲਿਆ ਵਾਲਾ ਬਾਗ਼ ਦੇ ਬਾਹਰ ਬਤਾਊ ਵੇਚ ਰਿਹਾ ਸੀ,ਬਾਬਾ ਠਾਕੁਰ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਉਪਰੰਤ ਬਾਹਰ ਆ ਰਹੇ ਸਨ,ਏਨੇ ਚਿਰ ਨੂੰ ਕਹਿਣ ਲੱਗੇ ਸਿੰਘੋ ਅਸੀ ਬਤਾਂਊ ਲੈਣੇ ਆ ਅੱਜ ਏਥੋਂ ।

ਸਾਰੇ ਸਿੰਘ ਹੈਰਾਨੀ ਕਿ ਬਤਾਂਊ ਕੀ ਕਰਨੇ... ?

ਇਹ ਤਾਂ ਲੰਗਰ ਇੰਚਾਰਜ਼ ਦਾ ਕੰਮ ਹੈ,ਟਕਸਾਲ ਮੁਖੀ ਨੂੰ ਇਹ ਕੰਮ ਕਿਥੇ ਸ਼ੋਭਦੇ... ?

ਚਲੋ ਗੱਲਾਂ ਬਾਤਾਂ ਵਿਚ ਇਕ ਗਰੀਬ ਕਿਸਾਨ ਜਿਹੜਾ ਭੁੱਜੇ ਬਤਾਂਊਆਂ ਦੀ ਪੰਡ ਰੱਖ ਵੇਚ ਰਿਹਾ ਸੀ ਉਸ ਕੋਲ ਗਏ ਤੇ ਭਾਅ ਪੁੱਛਿਆ ਤੇ ਬਾਬਾ ਜੀ ਕਹਿੰਦੇ ਸਾਰੇ ਹੀ ਲੈਣੈਂ ਆ ਜੋ ਕੁੱਲ ਪੈਂਤੀ ਕਿਲੋ ਦੇ ਕਰੀਬ ਸਨ ।

ਰਮਜ਼ ਦਾ ਨਾ ਸਿੰਘਾਂ ਨੂੰ ਪਤਾ ਸੀ ਨਾ ਗਰੀਬ ਕਿਸਾਨ ਨੂੰ,ਬਾਬਾ ਜੀ ਪੁੱਛਣ ਲੱਗੇ ਕੀ ਗੱਲ ਸਿੰਘਾ ਦੁਖੀ ਬੜਾ ਲੱਗਦਾਂ... ?

ਕਹਿੰਦਾ ਮਹਾਰਾਜ ਮੇਰੇ ਸਿਰ ਤੇ ਇਕ ਲੱਖ ਪੈਂਤੀ ਹਜਾਰ ਦਾ ਕਰਜਾ ਹੈ ਲੈਣ ਦੇਣ ਵਾਲੇ ਲੋਕ ਬਹੁਤ ਦੁਖੀ ਕਰਦੇ ਆ ਮੈਂ ਕੀ ਕਰਾਂ... ? ਗੁਰੂ ਰਾਮਦਾਸ ਮਹਾਰਾਜ ਅੱਗੇ ਅਰਦਾਸ ਤੋਂ ਸਿਵਾਏ ਕੁਝ ਨਹੀ ਕਰ ਸਕਦਾ,ਬਾਬਾ ਠਾਕੁਰ ਸਿੰਘ ਜੀ ਕਹਿਣ ਲੱਗੇ "ਸਿੰਘੋ ਦਿਓ ਇਕ ਲੱਖ ਪੈਂਤੀ ਹਜਾਰ"

ਸਿੰਘਾਂ ਨੂੰ ਹੁਣ ਰਮਜ਼ ਦਾ ਪਤਾ ਲੱਗ ਚੁੱਕਾ ਸੀ ਕਿ ਇਹ ਖੇਡ ਤਾਂ ਗੁਰੂ ਰਾਮਦਾਸ ਮਹਾਰਾਜ ਜੀ ਨੇ ਬਾਬਾ ਜੀ ਰਾਂਹੀ ਵਰਤਾਈ ਹੈ। ਹੈ ਕੋਈ ਐਸਾ ਸੰਤ ਜੋ ਕਿਰਤੀਆਂ ਨੂੰ ਪੈਂਤੀ ਕਿਲੋ ਬਤਾਊਆਂ ਬਦਲੇ ਇਕ ਲੱਖ ਪੈਂਤੀ ਹਜਾਰ ਰੁਪਏ ਦੇ ਦੇਵੇ ।

ਹਰ ਵੇਲੇ ਗੁਰਬਾਣੀ ਪੜ੍ਹਨ,ਸ੍ਰਵਣ ਕਰਨ ਵਾਲੇ ਅਣਡਿੱਠੀ ਦੁਨੀਆਂ ਦੇ ਵਾਸੀ ਬ੍ਰਹੰਮਗਿਆਨੀ ਮਹਾਂਪੁਰਸ਼ ਅੱਜ ਦੇ ਦਿਨ 24 ਦਸੰਬਰ 2004 ਨੂੰ ਸਵਾਸਾਂ ਦੀ ਪੂੰਜੀ ਸਫ਼ਲ ਕਰਦਿਆਂ ਅਕਾਲ ਚਲਾਣਾ ਕਰ ਗਏ ਸਨ,ਮਹਾਂਪੁਰਸ਼ਾ ਦੀ ਘਾਲਣਾ ਕਮਾਈ ਨੂੰ ਕੋਟਾਨਿ ਕੋਟਿ ਨਮਸ਼ਕਾਰ।



ਬ੍ਰਹਮਗਿਆਨੀ ਸੰਤ ਬਾਬਾ ਠਾਕੁਰ ਸਿੰਘ ਜੀ ਭਿੰਡਰਾਂਵਾਲੇ 15ਵੇਂ ਮੁਖੀ ਦਮਦਮੀ ਟਕਸਾਲ ਜੀ ਨੂੰ ਉਨ੍ਹਾਂ ਦੀ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--



## ਭਾਈ ਰਘਵੀਰ ਸਿੰਘ ਵਾਲਸਾਲ

ਐਡੀਟਰ-ਇਨ-ਚੀਫ਼
ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ

## ਸਿੱਖ ਸੇਵਾ ਅਤੇ ਸਿੱਖ ਸੰਘਰਸ਼ ਦਾ ਬਾਬਾ ਬੋਹੜ

# ਸ੍ਰੀਮਾਨ ਸੰਤ ਬਾਬਾ ਠਾਕੁਰ ਸਿੰਘ ਜੀ ਭਿੰਡਰਾਂਵਾਲੇ



**ਵੀਹਵੀਂ** ਸਦੀ ਦੀਆਂ ਮਹਾਨ ਸ਼ਖਸੀਅਤਾਂ ਅਤੇ ਦਮਦਮੀ ਟਕਸਾਲ ਦੇ ਚਮਕਦੇ ਸਿਤਾਰਿਆਂ ਵਿੱਚੋਂ ਇੱਕ ਨਾਮ ਬੜੇ ਅਦਬ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ ਉਹ ਹੈ ਸ੍ਰੀਮਾਨ ਸੰਤ ਬਾਬਾ ਠਾਕੁਰ ਸਿੰਘ ਜੀ ਪੰਦਰਵੇਂ ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ।ਜਿਨ੍ਹਾਂ ਦਾ ਜਨਮ 1912 ਈਸਵੀ ਨੂੰ ਪਿੰਡ ਈਚੋਗਿਲ ਤਹਿਸੀਲ ਕਸੂਰ ਜਿਲਾ ਲਾਹੌਰ ਪਾਕਿਸਤਾਨ ਵਿਖੇ ਪਿਤਾ ਬਾਬਾ ਬਹਾਦਰ ਸਿੰਘ ਉਰਫ ਖੜਕ ਸਿੰਘ ਦੇ ਗ੍ਰਹਿ ਮਾਤਾ ਪ੍ਰੇਮ ਕੌਰ ਜੀ ਦੀ ਕੁੱਖੋਂ ਹੋਇਆ ।ਆਪ ਜੀ ਦੇ ਤਿੰਨ ਭਰਾ ਬਾਬਾ ਸ਼ਮੀਰ ਸਿੰਘ ਬਾਬਾ ਰਤਨ ਸਿੰਘ ਅਤੇ ਬਾਬਾ ਵੀਰ ਸਿੰਘ ਦੋ ਭੈਣਾਂ ਬੀਬੀ ਸਵਰਨ ਕੌਰ ਅਤੇ ਬੀਬੀ ਰਾਮ ਕੌਰ ਜੀ ਸਨ ।ਆਪ ਜੀ ਦੇ ਪਿਤਾ ਜੀ ਬਹੁਤ ਗੁਰਬਾਣੀ ਦੇ ਰਸੀਏ ਕੱਟੜ ਅਕਾਲੀ ਸੱਚ ਤੇ ਪਹਿਰਾ ਦੇਣ ਵਾਲੇ ਸਨ ਉਨਾਂ ਨੇ ਪੰਥ ਵੱਲੋਂ ਲੱਗੇ ਹਰ ਮੋਰਚੇ ਵਿਚ ਮੋਹਰੀ ਹੋਕੇ ਗ੍ਰਿਫਤਾਰੀ ਦਿਤੀ1947 ਦੀ ਭਾਰਤ ਪਾਕਿ ਦੀ ਵੰਡ ਸਮੇਂ ਆਪ ਜੀ ਦਾ ਪਰਿਵਾਰ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਸਧਰਵਾਲਾ ਨਜ਼ਦੀਕ ਮੱਖੂ ਆਣ ਵੱਸਿਆ ।ਬਾਬਾ ਜੀ ਸ਼ੁਰੂ ਤੋਂ ਹੀ ਧਾਰਮਿਕ ਬਿਰਤੀ ਵਾਲੇ ਸਨ ਬਾਬਾ ਜੀ ਜੁਆਨੀ ਵਿੱਚ ਪੈਰ ਧਰਦਿਆਂ ਹੀ ਭਿੰਡਰ ਕਲਾਂ ਵਿਖੇ ਦਮਦਮੀ ਟਕਸਾਲ ਦੇ ਬਾਰ੍ਹਵੇ ਮੁਖੀ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਜੀ ਦੀ ਸੇਵਾ ਵਿਚ ਚਲੇ ਗਏ ਉੱਥੇ ਗੁਰਮਤਿ ਦੀ ਵਿੱਦਿਆ ਗ੍ਰਹਿਣ ਕੀਤੀ ਅਤੇ 22 ਸਾਲ ਗੜਵਈ ਦੇ ਤੌਰ ਤੇ ਸੇਵਾ ਨਿਭਾਈ ।ਉਹਨਾਂ ਮਹਾਂਪੁਰਖਾਂ ਦੇ ਅਕਾਲ ਚਲਾਣੇ ਤੋਂ ਬਾਅਦ ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਅਤੇ ਫਿਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਜਥੇ ਸੰਗਤ ਦੀ ਸੇਵਾ ਕੀਤੀ।1975 ਦੇ ਦੌਰਾਨ ਜਦੋਂ ਭਾਰਤ ਦੀ ਸਰਕਾਰ ਨੇ ਪੂਰੇ ਦੇਸ਼ ਵਿੱਚ ਐਮਰਜੈਸੀ ਲਗਾ ਕੇ ਮਨੁੱਖੀ ਹੱਕਾਂ ਨੂੰ ਕੁਚਲਣ ਦੀਆਂ ਕੋਝੀਆਂ ਚਾਲਾਂ ਚਲਣੀਆਂ ਸ਼ੁਰੂ ਕੀਤੀਆਂ ਤਾਂ ਉਸ ਸਮੇਂ ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਪਤਿਤ ਪੁਣੇ ਅਤੇ ਐਮਰਜੈਸੀ ਦੇ ਵਿਰੁੱਧ ਵਿਸ਼ਾਲ ਲਹਿਰ ਖੜੀ ਕਰਕੇ ਸਮੇਂ ਦੀ ਹਕੂਮਤ ਨੂੰ ਵੰਗਾਰਿਆ ਤਾਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਬਹੁਤ ਵੱਡੇ ਇਕੱਠ ਵਿੱਚ ਐਲਾਨ ਕੀਤਾ ਕਿ ਜੇਕਰ ਸਰਕਾਰ ਮੈਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ ਜਾਂ ਮੈਨੂੰ ਕੋਈ ਸਰੀਰਕ ਨੁਕਸਾਨ ਹੁੰਦਾ ਹੈ ਤਾਂ ਜਥੇ ਦੀ ਅਗਵਾਈ ਸੰਤ ਬਾਬਾ ਠਾਕੁਰ ਸਿੰਘ ਜੀ ਕਰਨਗੇ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਜਦ ਪੂਰੇ ਦੇਸ਼ ਵਿੱਚ ਵਿਚਾਰ ਕੇ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ ਤਾਂ ਉਸ ਸਮੇਂ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਨੇ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਮਹਿਤਾ ਚੌਕ ਵਿਖੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਜਿੰਮੇਵਾਰੀ ਬੜੀ ਸ਼ਿੱਦਤ ਨਾਲ਼ ਨਿਭਾਈ ।ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ. ਬਹਾਦੁਰ ਸਾਹਿਬ ਜੀ ਦੇ ਤਿੰਨ ਸੌ ਸਾਲਾ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਦਮਦਮੀ ਟਕਸਾਲ ਵੱਲੋਂ ਦੇਸ਼ ਵਿੱਚ 37 ਮਹਾਨ ਜਲੂਸ ਕੱਢ ਕੇ ਮਨੁੱਖਤਾ ਨੂੰ ਗੁਰੂ ਸਾਹਿਬ ਦੇ ਮਹਾਨ ਬਲੀਦਾਨ ਪ੍ਰਤੀ ਜਾਗਰੂਕ ਕੀਤਾ ਤਾਂ ਉਸ ਵਿੱਚ ਬਾਬਾ ਠਾਕੁਰ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ ।ਅਗਸਤ 1977 ਨੂੰ ਜਦੋਂ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਕਾਲ ਚਲਾਣਾ ਕਰ ਗਏ ਤਾਂ ਪੂਰੇ ਸਿੱਖ ਜਗਤ ਵਿੱਚ ਸੋਗ ਦੀ ਲਹਿਰ ਛਾ ਗਈ ਤਾਂ ਸੰਗਤਾਂ ਬਹੁਤ ਵਿਆਕੁਲ ਸਨ ਤਾਂ ਉਸ ਸਮੇਂ ਹਾਲਾਤਾਂ ਨੂੰ ਕਾਬੂ ਵਿੱਚ ਰੱਖ ਕੇ ਬੜੀ ਸੂਝ ਨਾਲ ਹਾਲਾਤਾਂ ਨੂੰ ਸੰਭਾਲਿਆ ਅਤੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਅਗਲੇ ਮੁਖੀ ਦੀ ਚੋਣ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਰੂਪ ਵਿੱਚ ਕੀਤੀ ।ਸਮੁੱਚੀਆਂ ਸਿੱਖ ਸੰਪਰਦਾਵਾਂ ਦੇ ਮੁਖੀਆਂ ਅਤੇ ਟਕਸਾਲ ਦੇ ਵਿਦਿਆਰਥੀਆਂ ਨੇ ਬਾਬਾ ਠਾਕੁਰ ਸਿੰਘ ਜੀ ਦੇ ਫ਼ੈਸਲੇ ਅੱਗੇ ਸਿਰ ਝੁਕਾਉਂਦਿਆਂ ਪ੍ਰਵਾਨਗੀ ਦਿੱਤੀ ।ਸਿੱਖ ਕੌਮ ਤੇ ਹੋਰ ਅੰਦਰੂਨੀ ਅਤੇ ਬਾਹਰੀ ਹਮਲਿਆਂ ਦੇ ਚਲਦਿਆਂ ਤੇਰਾਂ ਅਪ੍ਰੈਲ 1978 ਨੂੰ ਹੋਏ ਨਿਰੰਕਾਰੀ ਕਾਂਡ ਉਪਰੰਤ ਅਰੰਭੇ ਸੰਘਰਸ਼ ਅਤੇ ਸ੍ਰੀਮਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਵੇਲੇ ਵੀ ਸੰਤ ਜਰਨੈਲ ਸਿੰਘ ਜੀ ਨੇ ਐਲਾਨ ਕੀਤਾ ਸੀ ਕਿ ਮੇਰੀ ਗੈਰ ਹਾਜ਼ਰੀ ਵਿੱਚ ਜਥੇ ਦੇ ਮੁਖੀ ਵਜੋਂ ਸੇਵਾਵਾਂ ਬਾਬਾ ਠਾਕੁਰ ਸਿੰਘ ਜੀ ਨਿਭਾਉਣਗੇ ।ਜਿਸ ਸਮੇਂ ਧਰਮਯੁੱਧ ਮੋਰਚੇ ਦੀ ਅਗਵਾਈ ਸੰਤ ਜਰਨੈਲ ਸਿੰਘ ਜੀ ਕਰ ਰਹੇ ਸਨ ਤਾਂ ਦਮਦਮੀ ਟਕਸਾਲ ਦੀ ਸਮੁੱਚੀ ਜਿੰਮੇਵਾਰੀ ਬਾਬਾ ਠਾਕੁਰ ਸਿੰਘ ਜੀ ਨੇ ਨਿਭਾਈ ।ਜੂਨ 1984 ਦੇ ਭਾਰਤੀ ਹਕੂਮਤ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਤੇ ਟੈਂਕਾਂ ਤੇ ਤੋਪਾਂ ਦੇ ਹਮਲੇ ਸਮੇਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਅਗਵਾਈ ਵਿੱਚ ਸਿੰਘ ਸ਼ਹੀਦ ਹੋ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਹੋ ਗਿਆ ਸਮੁੱਚਾ ਪੰਜਾਬ ਮਿਲਟਰੀ ਛਾਉਣੀ ਵਿੱਚ ਤਬਦੀਲ ਹੋ ਗਿਆ ਤਾਂ ਉਸ ਬਿਖੜੇ ਸਮੇਂ ਵਿੱਚ ਪੂਰੀ ਕੌਮ ਦੀਆਂ ਨਿਗਾਹਾਂ ਦਮਦਮੀ ਟਕਸਾਲ ਤੇ ਟਿਕੀਆਂ ਸਨ ਉਸ ਸਮੇਂ ਕੌਮ ਦੀ ਅਗਵਾਈ ਬਾਬਾ ਠਾਕੁਰ ਸਿੰਘ ਜੀ ਨੇ ਬੜੇ ਚੁਣੌਤੀ ਭਰੇ ਹਾਲਾਤਾਂ ਵਿੱਚ ਕੀਤੀ ਸਰਬੱਤ ਖਾਲਸਾ ਬੁਲਾਕੇ ਹੋਰ ਫੈਸਲਿਆਂ ਦੇ ਨਾਲ ਨਾਲ ਸਰਕਾਰੀ ਮਸ਼ੀਨਰੀ ਨਾਲ਼ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬਿਲਡਿੰਗ ਨੂੰ ਨਾਂ ਪ੍ਰਵਾਨ ਕਰਕੇ ਕੌਮ ਦੀਆਂ ਭਾਵਨਾਵਾਂ ਅਨੁਸਾਰ ਉਸਾਰਨ ਦਾ ਫੈਸਲਾ ਕੀਤਾ ਅਤੇ ਬਹੁਤ ਆਲੀਸ਼ਾਨ ਬਿਲਡਿੰਗ ਤਿਆਰ ਕਰਵਾਈ ।ਫ਼ੌਜੀ ਹਮਲੇ ਸਮੇਂ ਗ੍ਰਿਫ਼ਤਾਰ ਸਿੰਘਾ ਦੇ ਪਰਿਵਾਰਾਂ ਨੂੰ ਸੰਭਾਲਿਆ ਅਤੇ ਜੋਧਪੁਰ ਸਮੇਤ ਦੇਸ਼ ਦੀਆਂ ਵੱਖ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਸਿੰਘਾ ਦੀਆਂ ਮੁਲਾਕਾਤਾਂ ਕੀਤੀਆਂ ।ਸਿੱਖ ਸੰਘਰਸ਼ ਵਿੱਚ ਸ਼ਾਮਲ ਸਿੰਘਾ ਦੇ ਪਰਿਵਾਰਾਂ ਨੂੰ ਸੰਭਾਲਣ ਦੇ ਨਾਲ ਨਾਲ ਸਿੱਖ ਸੰਘਰਸ਼ ਦੀ ਅਗਵਾਈ ਵੀ ਕੀਤੀ ।ਜੂਨ 1984 ਦੇ ਹਮਲੇ ਸਮੇਂ ਬੈਰਕਾਂ ਛੱਡਣ ਵਾਲੇ ਧਰਮੀ ਫ਼ੌਜੀਆਂ ਦੇ ਕੇਸਾਂ ਦੀ ਪੈਰਵਾਈ ਕੀਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਯੋਗ ਮਦਦ ਵੀ ਕੀਤੀ ।ਇਸ ਦੇ ਨਾਲ ਨਾਲ ਗੁਰਮਤਿ ਵਿਦਿਆਲਾ ਵੀ ਚਲਾਇਆ ਅਤੇ ਅਨੇਕਾਂ ਸਿੰਘਾ ਨੂੰ ਰਾਗੀ,ਗ੍ਰੰਥੀ ਅਤੇ ਕਥਾਵਾਚਕ ਬਣਾਇਆ ਦੇਸ਼ ਵਿਦੇਸ਼ ਵਿੱਚ ਸਿੱਖੀ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੀ ਲਹਿਰ ਚਲਾਈ ।ਬਾਬਾ ਠਾਕੁਰ ਸਿੰਘ ਜੀ ਨੇ ਦੇਸ਼ ਦੇ ਨਾਲ਼ ਨਾਲ ਵਿਦੇਸ਼ਾਂ ਵਿੱਚ ਵੀ ਗੁਰਮਤਿ ਵਿਦਿਆਲੇ ਤਿਆਰ ਕਰਕੇ ਬਹੁਤ ਸਾਰੇ ਸਿੱਖ ਵਿਦਵਾਨਾਂ ਅਤੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਸੈੱਟ ਕੀਤਾ ਜੋ ਅੱਜ ਵੀ ਸਿੱਖੀ ਦੀ ਨਿੱਗਰ ਸੇਵਾ ਕਰ ਰਹੇ ਹਨ ।ਬਾਬਾ ਜੀ ਅੱਧੀ ਸਦੀ ਤੋਂ ਵੱਧ ਸਮਾਂ ਸਿੱਖੀ ਦੀ ਮਹਾਂਨ ਸੇਵਾ ਕਰਦੇ ਹੋਏ 92 ਸਾਲ ਦੀ ਉਮਰ ਵਿੱਚ 24 ਦਸੰਬਰ 2004 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਉਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਸੁਣ ਹਰ ਪੰਥ ਦਰਦੀ ਦਾ ਹਿਰਦਾ ਦੁਖੀ ਅਤੇ ਅੱਖਾਂ ਨਮ ਹੋ ਗਈਆਂ ਸਿੱਖੀ ਦੀ ਮਹਾਨ ਸੇਵਾ ਕਰਨ ਵਾਲਾ ਦਮਦਮੀ ਟਕਸਾਲ ਦਾ ਬਾਬਾ ਬੋਹੜ ਅੱਜ ਸਦਾ ਲਈ ਖਾਮੋਸ਼ ਹੋ ਗਿਆ ਜਿਸ ਦੀ ਛਾਂ ਹੇਠ ਹਰੇਕ ਸੰਘਰਸ਼ੀ ਸਿੱਖ ਜਾਂ ਪੰਥਕ ਪਰਿਵਾਰ ਬਿਨਾਂ ਝਿਜਕ ਨਿੱਘ ਮਾਣ ਸਕਦਾ ਸੀ ਅਤੇ ਬਾਬਾ ਜੀ ਨੂੰ ਮਿਲਣ ਉਪਰੰਤ ਆਪਣੇ ਆਪ ਨੂੰ ਬੋਝ ਮੁਕਤ ਸਮਝਦਾ ਸੀ ।ਦੁਨੀਆਂ ਭਰ ਦੀਆਂ ਸਿੱਖ ਸੰਸਥਾਵਾਂ ਨੇ ਬਾਬਾ ਠਾਕੁਰ ਸਿੰਘ ਜੀ ਦੇ ਅਕਾਲ ਚਲਾਣੇ ਤੇ ਦੁੱਖ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਵੱਲੋਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ।ਉਨ੍ਹਾਂ ਦੀ ਯਾਦ ਵਿੱਚ ਬਹੁਤ ਯਾਦਗਾਰਾਂ ਬਣਾਈਆਂ ਗਈਆਂ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ ਤੇ ਉਨ੍ਹਾਂ ਦੇ ਭਤੀਜੇ ਭਾਈ ਖਜਾਨ ਸਿੰਘ ਨੇ ਪਰਿਵਾਰ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਉਨ੍ਹਾਂ ਦੇ ਨਗਰ ਸੱਧਰ ਵਾਲਾ (ਫ਼ਿਰੋਜ਼ਪੁਰ) ਵਿਖੇ ਗੁਰਦੁਆਰਾ ਅਕਾਲ ਦਰਬਾਰ ਸਾਹਿਬ ਤਿਆਰ ਕਰਵਾਇਆ ਗਿਆ ਹੈ ।ਹਰ ਸਾਲ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਦੀ ਸਲਾਨਾ ਬਰਸੀ 24 ਦਸੰਬਰ ਨੂੰ ਦੇਸ਼ ਵਿਦੇਸ਼ ਵਿੱਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਜਾਂਦੀ ਹੈ ।ਉਨ੍ਹਾਂ ਦੀ ਬਰਸੀ ਮੌਕੇ ਅਸੀਂ ਉਨ੍ਹਾਂ ਨੂੰ ਦਿਲੋਂ ਸਿਜਦਾ ਕਰਦੇ ਹਾਂ ਜੀ।



**-ਭਾਈ ਰਘਵੀਰ ਸਿੰਘ ਵਾਲਸਾਲ, ਐਡੀਟਰ-ਇਨ-ਚੀਫ਼,**
**ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ**

## ਨਿਤਨੇਮੀ ਅਤੇ ਸਿਮਰਨ ਦੇ ਪੁੰਜ

# ਸੰਤ ਬਾਬਾ ਠਾਕੁਰ ਸਿੰਘ



**ਸੰਤ ਬਾਬਾ ਠਾਕੁਰ ਸਿੰਘ ਜੀ** ਦਾ ਜਨਮ 1915 ਈ, ਨੂੰ ਪਿਤਾ ਬਹਾਦੁਰ ਸਿੰਘ ਜੀ ਮਾਤਾ ਪ੍ਰੇਮ ਕੌਰ ਜੀ ਗ੍ਰਹਿ ਵਿਖੇ ਪਿੰਡ ਈਚੇਕੋ ਤਹਿਸੀਲ ਕਸੂਰ ਜਿੱਲਾ ਲਾਹੌਰ ਵਿੱਚ ਹੋਇਆ। ਬਾਬਾ ਜੀ ਚਾਰ ਭਰਾ ਸਨ, ਅਤੇ ਦੋ ਭੈਣਾ ਸਨ, ਸਭ ਤੋਂ ਵੱਡਾ ਭਰਾ ਭਾਈ ਕਸ਼ਮੀਰ ਸਿੰਘ, ਭਾਈ ਰਤਨ ਸਿੰਘ, ਬਾਬਾ ਠਾਕੁਰ ਸਿੰਘ, ਭਾਈ ਬੀਰ ਸਿੰਘ ਸਨ ਭੈਣਾ ਸਵਰਨ ਕੌਰ, ਰਾਮ ਕੌਰ ਸਨ, ਬਾਬਾ ਜੀ ਦੇ ਮਾਤਾ ਪਿਤਾ ਸ਼ੁਰੂ ਤੋਂ ਹੀ ਅੰਮ੍ਰਿਧਾਰੀ, ਨਿਤਨੇਮੀ ਅਤੇ 24 ਘੰਟੇ ਵਾਹਿਗੁਰੂ ਜੀ ਸਿਮਰਨ ਕਰਨ ਵਾਲੀਆਂ ਰੂਹਾਂ ਸਨ ਅਤੇ ਆਪਣੀ ਖੇਤੀ ਬਾੜੀ ਕਰਦੇ ਸਨ, ਬਾਬਾ ਜੀ ਪਿਤਾ ਗੁਰਦੁਆਰਾ ਸੁਧਾਰ ਲਹਿਰ ਵਿੱਚ ਜੇਲਾ ਕੱਟੀਆਂ ਸਨ। ਛੋਟੇ ਹੁੰਦੇ ਬਾਬਾ ਠਾਕੁਰ ਸਿੰਘ ਜੀ ਆਪਣੇ ਪਿਤਾ ਜੀ ਦੇ ਨਾਲ ਨਿਤਨੇਮੀ ਅਤੇ ਸਿਮਰਨ ਕਰਦੇ ਹੁੰਦੇ ਸਨ। ਜਦੋਂ ਬਾਬਾ ਜੀ ਜੁਵਾਨ ਹੋਏ ਤਾਂ ਮਾਤਾ ਪਿਤਾ ਨੇ ਵਿਆਹ ਬਾਰੇ ਕਹਿਣਾ ਪਰ ਬਾਬਾ ਜੀ ਨਾਹ ਕਰ ਦੇਂਦੇ ਸਨ। ਬਾਬਾ ਜੀ ਨਾਨਕਾ ਪਿੰਡ ਮਾੜੀ ਜਿੱਲਾ ਸਿਆਲਕੋਟ ਪਾਕਿਸਤਾਨ ਸੀ ਬਾਬਾ ਜੀ ਦੇ ਮਾਮਾ ਭਾਈ ਲਾਭ ਸਿੰਘ, ਭਾਈ ਉਜਾਗਰ ਸਿੰਘ ਸਨ। ਪਿੰਡ ਮੇਘਾ ਮਾੜੀ ਦੇ ਗਿਆਨੀ ਭਗਵਾਨ ਸਿੰਘ ਜੀ ਦੇ ਪਿਤਾ ਭਾਈ ਕੇਹਰ ਸਿੰਘ ਸਨ, ਉਨ੍ਹਾਂ ਨੂੰ ਆਪਣੇ ਵੈਰਾਗੀ ਤਿਆਗੀ ਪੁੱਤਰ ਦੀ ਹਾਲਤ ਬਿਆਨ ਕੀਤੀ, ਦੋਨਾ ਨੇ ਰਾਏ ਦਿੱਤੀ ਭਿੰਡਰ ਕਲਾ ਦਮਦਮੀ ਟਕਸਾਲ 12 ਮੁੱਖੀ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਹਨ,ਮੇਰੇ ਮਿਲਾਪੀ ਹਨ ਮੈ ਆਪ ਜੀ ਪੁੱਤਰ ਨੂੰ ਉਨ੍ਹਾਂ ਕੋਲ ਲੈ ਚਲਾਗਾ,ਪਿਤਾ ਜੀ ਨੇ ਘਰ ਆਕੇ ਬਾਬਾ ਜੀ ਦੱਸਿਆ,ਬਾਬਾ ਜੀ ਨੂੰ ਚਾ ਚੜ ਗਿਆ,ਭਾਈ ਕੇਹਰ ਸਿੰਘ ਜੀ ਦੇ ਨਾਲ ਸਤੰਬਰ 1947 ਈ, ਨੂੰ ਭਾਦਰੋ ਦੇ ਜੋੜ ਮੇਲੇ ਤੇ ਭਿੰਡਰ ਕਲਾ ਪਹੁੰਚ ਗਏ, ਜਿਉ ਹੀ ਭਾਈ ਕੇਹਰ ਸਿੰਘ ਨਾਲ ਬਾਬਾ ਜੀ ਨੇ ਬ੍ਰਹਮ ਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਦਰਸਨ ਕੀਤੇ, ਗੁਰ ਫਤਹਿ ਦੀ ਸਾਂਝ ਨਾਲ ਨਮਸਕਾਰ ਕੀਤੀ, ਬਸ ਫਿਰ ਕੀ ਸੀ ਅੰਦਰਲੀ ਘਾਟ ਪੂਰੀ ਹੋ ਗਈ, ਮਹਾਪੁਰਸ਼ਾ ਨੇ ਪੁਛਿਆ ਕਿ ਕੇਹਰ ਸਿੰਘਾ ਇਹ ਨੋਜਵਾਨ ਗੁਰਸਿੱਖ ਤੇਰੇ ਨਾਲ ਆਇਆ ਹੈਂ, ਤਾਂ ਕੇਹਰ ਸਿੰਘ ਨੇ ਬਾਬਾ ਜੀ ਦੇ ਪਿਛੋਕੜ ਖੋਲਕੇ ਦੱਸਿਆ, ਬੇਨਤੀ ਕੀਤੀ ਕਿ ਮਹਾਪੁਰਸੋ ਇਸ ਨਿਤਨੇਮੀ ਬੈਰਾਗੀ ਗੁਰਸਿੱਖ ਨੂੰ ਆਪਣੇ ਜਥੇ ਵਿੱਚ ਭਰਤੀ ਕਰ ਲਵੋ, ਵਿਦਿਆ ਪੜੇਗਾ ਸੇਵਾ ਕਰੇਗਾ,ਬਾਬਾ ਜੀ ਕਾਫੀ ਸਮਾਂ ਪੜਾਈ ਕੀਤੀ, ਸੇਵਾ ਕਰਦੇ ਰਹੇ, ਸੰਤ ਬਾਬਾ ਠਾਕੁਰ ਸਿੰਘ ਜੀ 15 ਵੇਂ ਮੁੱਖੀ ਦੇ ਦਮਦਮੀ ਟਕਸਾਲ ਦੇ ਮੁੱਖੀ ਰਹੇ।

**-ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ**

## ਤਲਵੰਡੀ ਖੁੰਮਣ ਵਿਕਾਸ ਪੱਖੋਂ ਪੱਛੜੇ ਵਿਕਾਸ ਦੇ ਕੰਮ ਤਲਬੀਰ ਸਿੰਘ ਗਿੱਲ ਦੇ ਸਹਿਯੋਗ ਨਾਲ ਥੋੜੇ ਸਮੇਂ ਵਿੱਚ ਹੋਏ - ਪਿੰਡ ਵਾਸੀ



**ਚੌਕ ਮਹਿਤਾ,23, ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਆਮ ਆਦਮੀ ਪਾਰਟੀ ਦੀ ਇੱਕ ਹਗਾਮੀ ਮੀਟਿੰਗ ਪਿੰਡ ਤਲਵੰਡੀ ਖੁੰਮਣ ਵਿਖੇ ਹੋਈ ਜਿਸ ਵਿੱਚ ਪਿੰਡ ਵਿੱਚ ਚੱਲ ਰਹੇ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ ਗਿਆ ਅਤੇ ਪਿੰਡ ਵਿੱਚ ਜੋ ਪਿਛਲੀ 20 ਸਾਲਾਂ ਤੋਂ ਅੜੇ ਕੰਮ ਸੀ ਉਹ ਕੰਮ ਹੋਏ ਨੇ ਉਸ ਲਈ ਆਮ ਆਦਮੀ ਪਾਰਟੀ ਮਜੀਠਾ ਦੇ ਹਲਕਾ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਦਾ ਧੰਨਵਾਦ ਵੀ ਕੀਤਾ ਗਿਆ ਪਿੰਡ ਵਿੱਚ ਬਿਜਲੀ ਪ੍ਰਬੰਧ ਬਹੁਤ ਮਾੜਾ ਸੀ ਜਿਸ ਵਿੱਚ ਦੋ ਟਰਾਂਸਫਾਰਮਰ ਲੱਗ ਰਹੇ ਨੇ ਪਿਛਲੇ 30 ਸਾਲ ਤੋਂ ਪਿੰਡ ਦੀ ਫਿਰਨੀ ਵਿੱਚ ਇਨਾ ਹੀ ਬੁਰਾ ਹਾਲ ਸੀ ਕਿ ਪੈਦਲ ਹੀ ਲੰਘਣਾ ਔਖਾ ਸੀ ਪਿੰਡ ਦਾ ਚਾਰ ਚੁਫੇਰਾ ਪੱਕਾ ਕਰਵਾ ਦਿੱਤਾ ਗਿਆ ਸਰਕਾਰਾਂ ਬਹੁਤ ਆਈਆਂ ਗਈਆਂ ਤਲਵੰਡੀ ਖੁਮਣ ਹਾਕੂ ਦੀ ਨਰਸਰੀ ਵਜੋਂ ਜਾਣਿਆ ਜਾਂਦਾ ਹੈ ਪਰ ਕਿਸੇ ਸਰਕਾਰ ਨੇ ਪਿੰਡ ਤਲਵੰਡੀ ਘੁੰਮਣ ਨੂੰ ਕੋਈ ਗਰਾਊਂਡ ਨਹੀਂ ਸੀ ਮੁਹੱਈਆ ਕਰਵਾਈ ਹੁਣ ਸਰਦਾਰ ਤਲਬੀਰ ਸਿੰਘ ਗਿੱਲ ਦੇ ਯਤਨਾ ਸਦਕਾ ਜਲਦੀ ਹੀ ਪਿੰਡ ਵਿੱਚ ਬਹੁਤ ਖੂਬਸੂਰਤ ਹਾਕੀ ਦੀ ਗਰਾਊਂਡ ਬਣਾਈ ਜਾਵੇਗੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜਿਲਾ ਪ੍ਰਧਾਨ ਬਾਬਾ ਸੁਖਚੈਨ ਸਿੰਘ, ਗਿਆਨੀ ਕਿਰਪਾਲ ਸਿੰਘ, ਪ੍ਰਧਾਨ ਪਲਵਿੰਦਰ ਸਿੰਘ , ਕਰਨਵੀਰ ਸਿੰਘ, ਤੇਜਾ ਸਿੰਘ, ਪਵਨ ਸਿੰਘ ਤੂਫਾਨੀ, ਗੁਰਮਿੰਦਰ ਪਾਲ ਸਿੰਘ ਮਿੰਟਾ, ਹਰਦੀਪ ਸਿੰਘ, ਮੂਰਤਾ ਸਿੰਘ, ਪਰਮਿੰਦਰ ਸਿੰਘ, ਬੂਟਾ ਸਿੰਘ ਮੰਤਰੀ, ਬਖਸ਼ੀਸ਼ ਸਿੰਘ, ਲਵਪ੍ਰੀਤ ਸਿੰਘ ਸੋਨਾ,ਮਣੀ, ਸਰਬਜੀਤ ਸਿੰਘ ਗੀਟਾ, ਰਣਜੀਤ ਸਿੰਘ ਰਾਣਾ, ਗੁਲਵਿੰਦਰ ਸਿੰਘ,ਆਦਿ ਹਾਜ਼ਰ ਸਨ।

## ਖਾਲਸਾ ਕਾਲਜ ਮਹਿਤਾ ਵਿਖੇ ਸ.ਫਰ-ਏ-ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ



**ਚੌਕ ਮਹਿਤਾ, 23 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਅਤੇ ਕਾਲਜੀਏਟ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਬਹਾਦਰੀ, ਬੇਮਿਸਾਲ ਸੂਰਬੀਰਤਾ ਅਤੇ ਮਹਾਨ ਕੁਰਬਾਨੀ ਬਾਰੇ ਜਾਗਰੂਕਤਾ ਪੈਦਾ ਕਰਦਿਆਂ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਦੇ ਮਨੋਰਥ ਲਈ ਸੈਮੀਨਾਰ ਕਰਵਾਇਆ ਗਿਆ।ਜਿਸ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਵਿਦਿਆਰਥੀਆਂ ਨੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨਾਲ ਸੰਬੰਧਿਤ ਸ਼ਬਦ ਗਾਇਨ ,ਕਵੀਸ਼ਰੀ, ਕਵਿਤਾ ਅਤੇ ਭਾਸ਼ਣ ਪੇਸ਼ ਕੀਤੇ ।ਜਿਸ ਰਾਹੀ ਵਿਦਿਆਰਥੀਆਂ ਨੂੰ ਆਨੰਦਪੁਰ ਸਾਹਿਬ ਛੱਡਣ ਤੋਂ ਲੈ ਕੇ ਚਮਕੌਰ ਸਾਹਿਬ ਵਿੱਚ ਵੱਡੇ ਸਾਹਿਬਜ਼ਾਦਿਆ ਦੀ ਸ਼ਹੀਦੀ, ਫਤਿਹਗੜ੍ਹ ਸਾਹਿਬ ਵਿੱਚ ਧਰਮ ਦੀ ਰੱਖਿਆ ਕਰਦਿਆਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮਾਤਾ ਗੁਜਰੀ ਜੀ ਦੀ ਅਡਿੱਗਤਾ ਅਤੇ ਬਹਾਦੁਰੀ ਨੂੰ ਵੀ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਗਿਆ। ਇਸ ਅਵਸਰ 'ਤੇ ਕਾਲਜ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾ ਨੇ ਚਾਰ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦਸ਼ਮੇਸ਼ ਪਿਤਾ ਦਾ ਅਨੰਦਪੁਰੀ ਨੂੰ ਛੱਡਣਾ, ਸਰਸਾ ਨਦੀ ਤੇ ਪਰਿਵਾਰ ਵਿਛੋੜਾ, ਚਮਕੌਰ ਸਾਹਿਬ ਦੀ ਜੰਗ, ਮਾਛੀਵਾੜੇ ਦੇ ਜੰਗਲ ਤੋਂ ਲੈ ਕੇ ਸਾਕਾ ਸਰਹਿੰਦ ਦਾ ਇਤਿਹਾਸ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਤੇ ਉਹਨਾ ਨੂੰ ਸਾਹਿਬਜ਼ਾਦਿਆਂ ਵੱਲੋਂ ਦਰਸਾਏ ਆਦਰਸ਼ਾਂ 'ਤੇ ਚੱਲਣ ਲਈ ਕਿਹਾ ਅਤੇ ਨਾਲ ਹੀ ਉਹਨਾਂ ਦੀ ਤਰ੍ਹਾਂ ਦਲੇਰੀ, ਬਹਾਦਰੀ , ਵਿਸ਼ਵਾਸ ਤੇ ਮਜ਼ਬੂਤੀ ਨਾਲ ਖੜ੍ਹੇ ਹੋਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।

## ਮੋਤੀ ਰਾਮ ਮਹਿਰਾ ਜੀ

ਵਜ਼ੀਦੇ ਦਾ ਸੀ ਨੌਕਰ ਮੋਤੀ ਰਾਮ ਮਹਿਰਾ ਜੀ,
ਜਿੰਮਾ ਸੀ ਕੈਦੀਆਂ ਨੂੰ ਰੋਟੀ ਖਵਾਉਣ ਦਾ।

ਵਜ਼ੀਦ ਖਾਨ ਤੋਂ ਚੋਰੀ ਚੁੱਕਿਆ ਸੀ ਬੀੜਾ,
ਮਾਤਾ ਗੁਜ਼ਰੀ ਦੇ ਲਾਲਾਂ ਨੂੰ ਦੁੱਧ ਪਿਲਾਉਣ ਦਾ।

ਲਾਲ ਹੋਏ ਸ਼ਹੀਦ,ਛੱਡ ਮਾਤਾ ਜੀ ਵੀ ਸ਼ਵਾਸ ਗਏ,
ਸਸਕਾਰ ਲਈ ਕੰਮ ਕੀਤਾ ਸੀ ਲੱਕੜ ਲਿਆਉਣ ਦਾ।

ਚੁਗਲ ਕੀਤੀ ਚੁਗਲੀ ਸੂਬੇ ਨੂੰ ਦੱਸ ਦਿੱਤਾ ਆ ਕੇ,
ਮੋਤੀ ਰਾਮ ਜਾਂਦਾ ਹੈ ਲਾਲਾਂ ਨੂੰ ਦੁੱਧ ਪਿਲਾ ਕੇ।

ਫਿਰ ਗ੍ਰਿਫਤਾਰ ਕੀਤਾ ਮੋਤੀ ਰਾਮ ਦਾ ਪਰਿਵਾਰ ਸੀ।
ਬਿਨ ਓਹਲੇ,ਕੀਤਾ ਵਜ਼ੀਦੇ ਨਾਲ ਠੋਸ ਵਿਚਾਰ ਸੀ।

ਸੂਬਿਆ ਜੋ ਤੇਰਾ ਦਿਲ ਹੈ ਕਰਦਾ, ਤੂੰ ਕਰ ਲੈ,
ਇਨਸਾਨੀਅਤ ਨਾਤੇ ਇਹ ਮੇਰਾ ਸੱਚਾ ਕੰਮ ਕਾਰ ਸੀ।

ਰੋਹ ਵਿੱਚ ਆ ਕੇ ਵਜ਼ੀਦੇ ਹੁਕਮ ਚਾੜਿਆ ਜਲਾਦ ਨੂੰ,
ਸਾਰਾ ਪਰਿਵਾਰ ਦਿਓ ਕੋਹਲੂ ਵਿੱਚ ਨਪੀੜ ਜੀ।

ਮੀਆਂ ਪੁਰ ਦੇ ਲਹਿਰੀ ਹੱਸ ਕੇ ਕਬੂਲ ਕੀਤੀ ਸਜ਼ਾ,
ਤੇ ਜ਼ਰ ਲਈ ਜਾਲਮ ਦੀ ਜੁਲਮ ਵਾਲੀ ਪੀੜ ਸੀ।

ਭੈਣੋ ਤੇ ਭਰਾਓ ਆਓ ਆਪਣੇ ਅੰਦਰ ਮਾਰੀਏ ਝਾਤੀ,.
ਅਸੀਂ ਕਿਹੜੀ ਜਗਾਹ ਤੇ ਅੱਜ ਖੜੇ ਹਾਂ ਅਖੀਰ ਜੀ।

**-ਬਲਬੀਰ ਸਿੰਘ ਲਹਿਰੀ**
**ਪਿੰਡ ਮੀਆਂ ਪੁਰ, ਜਿਲ੍ਹਾ ਤਰਨ ਤਾਰਨ**

### ਆਈਡੀਅਲ ਕੌਨਵੈਂਟ ਸਕੂਲ ਹਠੂਰ ਦੇ ਬੱਚਿਆਂ ਨੇ

# ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਪੈਦਲ ਮਾਰਚ ਕੀਤਾ











**ਸ਼ਹਾਦਤ -ਏ- ਸਫਰ ਹਫਤੇ ਨੂੰ ਮੁੱਖ ਰੱਖਦਿਆਂ ਬੱਚਿਆਂ ਨੇ ਕੀਰਤਨ, ਕਵੀਸ਼ਰੀ, ਅਤੇ ਧਾਰਮਿਕ ਸ਼ਬਦਾਂ ਦੀ ਕੀਤੀ ਪੇਸ਼ਕਾਰੀ**

ਜਗਰਾਉਂ -(ਵਰਿਆਮ ਹਠੂਰ) ਮੀਰੀ ਪੀਰੀ ਦੇ ਮਾਲਕ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਕਸਬਾ ਹਠੂਰ ਦੀ ਭਾਗਾਂ ਭਰੀ ਧਰਤੀ ਤੇ ਸਥਿੱਤ ਆਈਡੀਅਲ ਕੌਨਵੈਂਟ ਸਕੂਲ ਹਠੂਰ ਦੇ ਸਮੂਹ ਸਕੂਲ ਸਟਾਫ ਅਤੇ ਬੱਚਿਆਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਲਾਸਾਨੀ ਸ਼ਹਾਦਤ ਸਫ਼ਰ -ਏ- ਸਹਾਦਤ ਵੈਰਾਗਮਈ ਹਫਤੇ ਨੂੰ ਮੁੱਖ ਰੱਖਦਿਆਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਨਗਰ ਵਿੱਚ ਪੈਦਲ ਮਾਰਚ ਕੀਤਾ ਤੇ ਵੱਖ ਵੱਖ ਗੁਰਦੁਆਰਿਆਂ ਦੇ ਦਰਸ਼ਨ ਦੀਦਾਰੇ ਕੀਤੇ, ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਸਕੂਲ ਦੇ ਬੱਚਿਆਂ ਨੇ ਸ਼ਬਦ ਕੀਰਤਨ, ਕਵੀਸ਼ਰੀਆਂ, ਅਤੇ ਧਾਰਮਿਕ ਸ਼ਬਦਾਂ ਦੀ ਪੇਸ਼ਕਾਰੀ ਕੀਤੀ, ਇਸ ਮੌਕੇ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ ਅਤੇ ਵਾਇਸ ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਧਾਲੀਵਾਲ ਅਤੇ ਮੈਡਮ ਸੁਖਦੀਪ ਕੌਰ ਨੇ ਬੱਚਿਆਂ ਨੂੰ ਸਿੱਖ ਕੌਮ ਦੇ ਮਹਾਨ ਵਿਰਸੇ ਅਤੇ ਸ਼ਾਨਾਮੱਤੇ ਇਤਿਹਾਸ ਤੋਂ ਜਾਣੂੰ ਕਰਵਾਇਆ, ਤੇ 22 ਦਸੰਬਰ ਤੋਂ ਲੈ ਕੇ 28 ਦਸੰਬਰ ਤੱਕ ਦੇ ਵੈਰਾਗਮਈ ਸਫ਼ਰ -ਏ-ਸਹਾਦਤ ਹਫਤੇ ਬਾਰੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੱਤੀ ਗਈ, ਬੱਚਿਆਂ ਨੇ ਦਿਲਚਸਪੀ ਨਾਲ ਜਾਣਕਾਰੀ ਹਾਸਲ ਕੀਤੀ, ਪ੍ਰੈੱਸ ਨਾਲ ਗੱਲਬਾਤ ਕਰਦਿਆਂ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ ਅਤੇ ਵਾਇਸ ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਧਾਲੀਵਾਲ ਅਤੇ ਮੈਡਮ ਸੁਖਦੀਪ ਕੌਰ ਨੇ ਕਿਹਾ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਲਈ ਆਪਣਾ ਸਾਰਾ ਸਰਬੰਸ ਵਾਰ ਦਿੱਤਾ, ਤੇ ਧਰਮ ਨਹੀਂ ਹਾਰਿਆ, ਸਾਨੂੰ ਸਾਡੇ ਗੁਰੂ ਸਾਹਿਬਾਨਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਬੱਚਿਆਂ ਨੂੰ ਬਾਲ ਉਮਰ ਤੋਂ ਹੀ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਈਏ, ਤਾਂ ਜੋ ਬੱਚਿਆਂ ਦਾ ਬਚਪਨ ਤੋਂ ਹੀ ਸਿੱਖੀ ਪ੍ਰਤੀ ਮੋਹ ਪੈਦਾ ਹੋਵੇ, ਜ਼ਿਕਰਯੋਗ ਹੈ ਕਿ ਨਗਰ ਦੇ ਲੋਕਾਂ ਨੇ ਆਈਡੀਅਲ ਕੌਨਵੈਂਟ ਸਕੂਲ ਹਠੂਰ ਵੱਲੋਂ ਸ਼ਹਾਦਤ -ਏ ਸਫ਼ਰ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣ ਅਤੇ ਹੱਥਾਂ ਵਿੱਚ ਸਾਹਿਬਜ਼ਾਦਿਆਂ ਦੀਆਂ ਤਸਵੀਰਾਂ ਅਤੇ ਚੰਗੇ ਵਿਚਾਰਾਂ ਵਾਲੀਆਂ ਤਖਤੀਆਂ ਅਤੇ ਬੈਨਰ ਫੜ ਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਪੈਦਲ ਮਾਰਚ ਕਰਨ ਦੀ ਸ਼ਲਾਘਾ ਕੀਤੀ, ਇਸ ਮੌਕੇ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ, ਵਾਇਸ ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਧਾਲੀਵਾਲ, ਕਲਾਕਾਰ ਗੁਰਮੀਤ ਹਠੂਰ, ਮੈਡਮ ਸੁਖਦੀਪ ਕੌਰ, ਸੰਦੀਪ ਕੌਰ, ਹਰਪ੍ਰੀਤ ਕੌਰ, ਰਮਨਦੀਪ ਕੌਰ, ਸਨਦੀਪ ਕੌਰ, ਚਰਨਜੀਤ ਕੌਰ, ਕਮਲਦੀਪ ਕੌਰ, ਅਮਨਜੋਤ ਕੌਰ, ਹਰਪ੍ਰੀਤ ਕੌਰ, ਸੁਖਬੀਰ ਕੌਰ, ਅਮਨਦੀਪ ਕੌਰ, ਗਗਨਦੀਪ ਕੌਰ, ਹਰਵਿੰਦਰ ਕੌਰ, ਗੁਰਵਿੰਦਰ ਕੌਰ, ਹਰਕਰਨ ਸਿੰਘ ਸਮੇਤ ਸਕੂਲ ਦੇ ਬੱਚੇ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

### ਤਲਵੰਡੀ ਸਾਬੋ ਵਾਸੀਆਂ ਦੀ ਮਨੁੱਖਤਾ ਪ੍ਰਧਾਨ ਪਹਿਲ

# ਸਰਦੀ ਦੀ ਮਾਰ ਤੋਂ ਬਚਾਉਣ ਲਈ ਹਸਪਤਾਲ ਵਿੱਚ ਹੋ ਰਿਹਾ ਕੰਬਲਾਂ ਦਾ ਵਿਸ਼ਾਲ ਦਾਨ

ਤਲਵੰਡੀ ਸਾਬੋ, 23 ਦਸੰਬਰ (ਗੁਰਜੰਟ ਸਿੰਘ ਨਥੇਹਾ)- ਸਿਵਲ ਹਸਪਤਾਲ ਤਲਵੰਡੀ ਸਾਹਿਬ ਦੇ ਸੀਨੀਅਰ ਮੈਡੀਕਲ ਅਧਿਕਾਰੀ ਡਾ. ਰਵੀ ਕਾਂਤ ਗੁਪਤਾ ਵੱਲੋਂ ਕੜਾਕੇ ਦੀ ਸਰਦੀ ਦੇ ਮੌਸਮ ਵਿੱਚ ਮਰੀਜ਼ਾਂ ਦੀ ਸਹਾਇਤਾ ਲਈ ਕੰਬਲ ਅਤੇ ਬਲੋਅਰ ਦੀ ਅਪੀਲ ਕੀਤੀ ਗਈ ਸੀ। ਇਸ ਅਪੀਲ ਨੂੰ ਤਲਵੰਡੀ ਸਾਹਿਬ ਦੇ ਜ਼ਿੰਮੇਵਾਰ ਨਾਗਰਿਕਾਂ, ਸਮਾਜਿਕ ਸੰਸਥਾਵਾਂ ਅਤੇ ਸੇਵਾਦਾਰਾਂ ਵੱਲੋਂ ਅਸਾਧਾਰਨ ਪ੍ਰਤੀਕਿਰਿਆ ਮਿਲੀ। ਕੰਬਲਾਂ ਦੀ ਵੱਡੀ ਗਿਣਤੀ ਵਿੱਚ ਦਾਨ ਕੀਤੀ ਗਈ ਹੈ ਅਤੇ ਹਸਪਤਾਲ ਵਿੱਚ ਦਾਖ਼ਲ ਮਰੀਜ਼ਾਂ ਨੂੰ ਸਰਦੀ ਤੋਂ ਬਚਾਉਣ ਲਈ ਵਿਸ਼ੇਸ਼ ਦੇਖਭਾਲ ਕੀਤੀ ਜਾ ਰਹੀ ਹੈ। ਹਸਪਤਾਲ ਪ੍ਰਬੰਧਨ ਵੱਲੋਂ ਸਾਰੇ ਦਾਨਦਾਤਾਵਾਂ ਦਾ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। ਇਸ ਵਾਰ ਸਰਦੀ ਦੀ ਤੀਬਰ ਲਹਿਰ ਕਾਰਨ ਪੰਜਾਬ ਭਰ ਵਿੱਚ ਵਿਸ਼ੇਸ਼ ਸਿਹਤ ਸੰਭਾਲ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਸਿਵਲ ਹਸਪਤਾਲ ਤਲਵੰਡੀ ਸਾਹਿਬ ਵਿੱਚ ਮਰੀਜ਼ਾਂ ਨੂੰ ਨਾ ਸਿਰਫ਼ ਕੰਬਲ ਦਿੱਤੇ ਗਏ ਹਨ, ਸਗੋਂ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਲਈ ਹੋਰ ਵੀ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਇਸ ਸਹਿਯੋਗ ਨਾਲ ਸਮਾਜਿਕ ਜ਼ਿੰਮੇਵਾਰੀ ਨੂੰ ਮਜ਼ਬੂਤੀ ਮਿਲੀ ਹੈ।



# ਐਚਐਮਈਐਲ ਵੱਲੋਂ ਗੁਰੂ ਗੋਬਿੰਦ ਸਿੰਘ ਰਿਫਾਈਨਰੀ, ਬਠਿੰਡਾ ਵਿੱਚ ਕੀਤਾ ਜਾਵੇਗਾ 2,600 ਕਰੋੜ ਦਾ ਨਵਾਂ ਨਿਵੇਸ਼

### ਪਾਲੀਪ੍ਰੋਪਾਈਲੀਨ ਡਾਊਨਸਟ੍ਰੀਮ ਅਤੇ ਫਾਈਨ ਕੈਮੀਕਲ ਪ੍ਰੋਜੈਕਟਾਂ ਨਾਲ ਪੰਜਾਬ ਨੂੰ ਮਿਲੇਗਾ ਉਦਯੋਗਿਕ ਵਾਧਾ




**ਬਠਿੰਡਾ/ਤਲਵੰਡੀ ਸਾਬੋ, 23 ਦਸੰਬਰ (ਗੁਰਜੰਟ ਸਿੰਘ ਨਥੇਹਾ)**- ਐਚਪੀਸੀਐਲ ਮਿੱਤਲ ਐਨਰਜੀ ਲਿਮਿਟੇਡ (ਐਚਐਮਈਐਲ) ਦੁਆਰਾ ਸੰਚਾਲਿਤ ਗੁਰੂ ਗੋਬਿੰਦ ਸਿੰਘ ਰਿਫਾਈਨਰੀ, ਬਠਿੰਡਾ ਵਿੱਚ 2,600 ਕਰੋੜ ਦਾ ਨਵਾਂ ਨਿਵੇਸ਼ ਕੀਤਾ ਜਾਵੇਗਾ। ਇਸ ਨਿਵੇਸ਼ ਦੇ ਤਹਿਤ ਪਾਲੀਪ੍ਰੋਪਾਈਲੀਨ ਡਾਊਨਸਟ੍ਰੀਮ ਉਦਯੋਗ ਸਥਾਪਿਤ ਕੀਤੇ ਜਾਣਗੇ ਅਤੇ ਫਾਈਨ ਕੈਮੀਕਲ ਨਾਲ ਸੰਬੰਧਤ ਨਵੇਂ ਪ੍ਰੋਜੈਕਟ ਲਗਾਏ ਜਾਣਗੇ। ਇਸ ਦੀ ਘੋਸ਼ਣਾ ਐਚਐਮਈਐਲ ਦੇ ਐਮਡੀ ਅਤੇ ਸੀਈਓ ਸ਼੍ਰੀ ਪ੍ਰਭਦਾਸ ਅਤੇ ਪੰਜਾਬ ਸਰਕਾਰ ਦੇ ਉਦਯੋਗ ਅਤੇ ਵਪਾਰ ਮੰਤਰੀ ਸ਼੍ਰੀ ਸੰਜੀਵ ਅਰੋੜਾ ਵੱਲੋਂ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਕੀਤੀ ਗਈ। ਇਸ ਮੌਕੇ ਤੇ ਸ਼੍ਰੀ ਪ੍ਰਭਦਾਸ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਦੇ ਕਾਰਨ ਪੰਜਾਬ ਦੇਸ਼ ਵਿੱਚ ਪਾਲੀਪ੍ਰੋਪਾਈਲੀਨ ਉਤਪਾਦਨ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਦੀ ਕੁੱਲ ਪਾਲੀਪ੍ਰੋਪਾਈਲੀਨ ਮੰਗ ਦਾ ਲਗਭਗ 14 ਪ੍ਰਤੀਸ਼ਤ ਹਿੱਸਾ ਇਸ ਰਿਫਾਈਨਰੀ ਤੋਂ ਪੂਰਾ ਕੀਤਾ ਜਾਂਦਾ ਹੈ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਪਿਛਲੇ ਕਈ ਸਾਲਾਂ ਤੋਂ ਰਿਫਾਈਨਰੀ ਦਾ ਸੰਚਾਲਨ ਬਿਨਾਂ ਕਿਸੇ ਰੁਕਾਵਟ ਦੇ ਲਗਾਤਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਬਠਿੰਡਾ ਵਿੱਚ ਸਿਰਫ ਪੈਟਰੋਲ, ਡੀਜ਼ਲ ਅਤੇ ਗੈਸ ਹੀ ਨਹੀਂ, ਬਲਕਿ ਹੁਣ ਫਾਈਨ ਕੈਮੀਕਲ ਪ੍ਰੋਜੈਕਟਾਂ ਰਾਹੀਂ ਉਦਯੋਗਿਕ ਗਤੀਵਿਧੀਆਂ ਨੂੰ ਹੋਰ ਵਧਾਉਣ ਦੀ ਯੋਜਨਾ ਵੀ ਬਣਾਈ ਜਾ ਰਹੀ ਹੈ। ਪੰਜਾਬ ਸਰਕਾਰ ਦੇ ਕੈਬਿਨੇਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਦੱਸਿਆ ਕਿ 2011 ਵਿੱਚ ਸਥਾਪਿਤ ਇਹ ਰਿਫਾਈਨਰੀ ਲਗਭਗ 2,000 ਏਕੜ ਵਿੱਚ ਫੈਲੀ ਹੋਈ ਹੈ ਅਤੇ ਸਾਲਾਨਾ ਕਰੀਬ 90,000 ਕਰੋੜ ਦਾ ਵਪਾਰ ਕਰਦੀ ਹੈ। ਉਨ੍ਹਾਂ ਕਿਹਾ ਕਿ ਰਿਫਾਈਨਰੀ ਰਾਜ ਸਰਕਾਰ ਨੂੰ ਹਰ ਸਾਲ ਲਗਭਗ 2,100 ਕਰੋੜ ਟੈਕਸ ਦੇ ਰੂਪ ਵਿੱਚ ਯੋਗਦਾਨ ਪਾਉਂਦੀ ਹੈ। ਉਨ੍ਹਾਂ ਦੱਸਿਆ ਕਿ 2,600 ਕਰੋੜ ਦੇ ਇਸ ਨਵੇਂ ਨਿਵੇਸ਼ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਇਸ ਸਮੇਂ ਰਿਫਾਈਨਰੀ ਸਿੱਧੇ ਅਤੇ ਅਪਰੋਕਸ਼ ਤੌਰ 'ਤੇ ਲਗਭਗ 10,000 ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਵਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਦੇਸ਼ ਦੇ ਕੁੱਲ ਪੈਟਰੋਲ-ਡੀਜ਼ਲ ਉਤਪਾਦਨ ਵਿੱਚ ਬਠਿੰਡਾ ਰਿਫਾਈਨਰੀ ਦਾ ਯੋਗਦਾਨ 5 ਤੋਂ 6 ਪ੍ਰਤੀਸ਼ਤ ਹੈ। ਪਲਾਸਟਿਕ ਮੈਨੂਫੈਕਚਰਿੰਗ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਲੁਧਿਆਣਾ ਨੇੜੇ ਇੱਕ ਵਿਸ਼ੇਸ਼ ਪਲਾਸਟਿਕ ਇੰਡਸਟਰੀਅਲ ਪਾਰਕ ਵਿਕਸਿਤ ਕਰਨ 'ਤੇ ਵਿਚਾਰ ਕਰ ਰਹੀ ਹੈ, ਜਿਸ ਨਾਲ ਰਾਜ ਦੇ ਮੌਜੂਦਾ ਪਲਾਸਟਿਕ ਉਦਯੋਗ ਨੂੰ ਹੋਰ ਮਜ਼ਬੂਤੀ ਮਿਲੇਗੀ। ਕੈਬਿਨੇਟ ਮੰਤਰੀ ਨੇ ਐਚਐਮਈਐਲ ਨੂੰ ਭਰੋਸਾ ਦਿੱਤਾ ਕਿ ਵਿਸਥਾਰ ਲਈ ਸਾਰੀਆਂ ਜ਼ਰੂਰੀ ਮਨਜ਼ੂਰੀਆਂ ਸਮੇਂ-ਸਿਰ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਐਚਐਮਈਐਲ ਰਾਜ ਵਿੱਚ ਪੈਟਰੋਲ ਪੰਪ ਵੀ ਸਥਾਪਿਤ ਕਰਨ ਜਾ ਰਹੀ ਹੈ, ਜਿਸ ਲਈ ਪ੍ਰਕਿਰਿਆ ਨੂੰ ਸੌਖਾ ਬਣਾਇਆ ਗਿਆ ਹੈ ਅਤੇ ਹੁਣ ਦੋ ਦਿਨਾਂ ਦੇ ਅੰਦਰ ਲਾਇਸੈਂਸ ਜਾਰੀ ਕੀਤੇ ਜਾ ਰਹੇ ਹਨ। ਭਵਿੱਖ ਵਿੱਚ ਮਲਟੀ-ਫਿਊਲ ਪੈਟਰੋਲ ਪੰਪ ਸਥਾਪਿਤ ਕੀਤੇ ਜਾਣਗੇ, ਜਿੱਥੇ ਪੈਟਰੋਲ, ਡੀਜ਼ਲ, ਸੀਐਨਜੀ ਦੇ ਨਾਲ-ਨਾਲ ਇਲੈਕਟ੍ਰਿਕ ਵਾਹਨਾਂ ਲਈ ਚਾਰਜਿੰਗ ਸਟੇਸ਼ਨ ਵੀ ਉਪਲਬਧ ਹੋਣਗੇ। ਇਸ ਲਈ 0.5 ਤੋਂ 2 ਏਕੜ ਜ਼ਮੀਨ ਦੀ ਲੋੜ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਨਿਵੇਸ਼ ਸਿਰਫ਼ ਬਠਿੰਡਾ ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਪੂਰੇ ਪੰਜਾਬ ਵਿੱਚ ਰਿਫਾਈਨਰੀ ਅਤੇ ਸੰਬੰਧਤ ਉਦਯੋਗਾਂ ਦੇ ਵਿਸਥਾਰ ਨੂੰ ਗਤੀ ਦੇਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨਵੀਂਕਰਨਯੋਗ ਊਰਜਾ ਦੇ ਖੇਤਰ ਵਿੱਚ ਤੇਜ਼ੀ ਨਾਲ ਕੰਮ ਕਰ ਰਹੀ ਹੈ, ਜਿਸ ਨਾਲ ਉਦਯੋਗਿਕ ਮੁਕਾਬਲੇਬਾਜ਼ੀ ਨੂੰ ਹੋਰ ਮਜ਼ਬੂਤੀ ਮਿਲੇਗੀ।

# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਕਰਵਾਇਆ ਵਿਸ਼ੇਸ਼ ਸਮਾਗਮ



ਫ਼ਿਰੋਜ਼ਪੁਰ, 23 ਦਸੰਬਰ (ਮਨੋਹਰ ਲਾਲ) :— ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਇਸ ਚੇਅਰਮੈਨ ਵਿਭੋਰ ਸ਼ਰਮਾ, ਜਰਨਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਅਗਵਾਈ ਹੇਠ ਚੱਲ ਰਿਹਾ ਹੈ, ਸਕੂਲ ਵਿੱਚ ਦਿੱਗਜ ਗਣਿਤਕ ਰਾਮਾਨੂਜਨ ਦੇ ਸਨਮਾਨ ਵਿੱਚ ਉਨ੍ਹਾਂ ਦੇ ਜਨਮ ਦੇ ਮੌਕੇ 22 ਦਸੰਬਰ ਨੂੰ ਨੈਸ਼ਨਲ ਮੈਥਮੈਟਿਕਸ ਡੇ ਦੇ ਰੂਪ ਵਿੱਚ ਮਨਾਇਆ ਗਿਆ। ਇਸ ਦੌਰਾਨ ਜਮਾਤ ਪੱਧਰ ਦੇ ਅਨੁਸਾਰ ਵੱਖ—ਵੱਖ ਕਿਸਮਾਂ ਦੀ ਗਣਨਾ ਵਿਸ਼ੇ ਨਾਲ ਸੰਬੰਧਤ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ, ਜਿਸ ਵਿੱਚ ਸੇ.ਪ ਹੰਟ, ਮਾਨਸਿਕ ਗਣਿਤ ਗਤੀਵਿਧੀਆਂ, ਗਣਿਤਿਕ ਬਿੰਗੋ, ਟੇਬਲ ਆਬਲੇਟ ਬ੍ਰੇਨ ਟੀਜ਼ਰ ਤੇਜ਼ੀ ਨਾਲ ਪ੍ਰਸ਼ਨ ਉੱਤਰੀ ਦੌਰਾ (ਪ੍ਰਸ਼ਨੋਤਰੀ ਮੁਕਾਬਲਾ) ਵਰਗੀਆਂ ਗਤੀਵਿਧੀਆਂ ਸ਼ਾਮਿਲ ਸਨ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਦੱਸਿਆ ਕਿ ਇਸ ਪ੍ਰਕਾਰ ਦੀਆਂ ਗਤੀਵਿਧੀਆਂ ਦੇ ਆਯੋਜਨ ਦਾ ਉਦੇਸ਼ ਬੱਚਿਆਂ ਵਿੱਚ ਗਣਿਤ ਦੇ ਪ੍ਰਤੀ ਰੁਚੀ ਪੈਦਾ ਕਰਨਾ ਅਤੇ ਗਣਿਤ ਦੀਆਂ ਬੁਝਾਰਤਾਂ, ਦਿਮਾਗੀ ਚੁਣੌਤੀਆਂ ਅਤੇ ਅਸਲ ਜੀਵਨ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਾਲੀ ਸਥਿਤੀ ਦੇ ਨਾਲ—ਨਾਲ ਹੋਰ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ ਅਤੇ ਆਲੋਚਨਤਮਕ ਸੋਚ ਵਿੱਚ ਸੁਧਾਰ ਹੁੰਦਾ ਹੈ ਅਤੇ ਵਿਦਿਆਰਥੀਆਂ ਵਿੱਚ ਦਿਲਚਸਪ ਰੁਚੀ ਜਾਗ੍ਰਿਤ ਹੁੰਦੀ ਹੈ।

ਆਵਾਜ਼ਿ ਕੌਮ AWAZE QAUM

ਮੁੱਖ ਮੰਤਰੀ ਤੀਰਥ ਯਾਤਰਾ

# ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਬੱਸਾਂ ਨੂੰ ਕੀਤਾ ਰਵਾਨਾ










ਤਲਵੰਡੀ ਸਾਬੋ, 23 ਦਸੰਬਰ (ਗੁਰਜੰਟ ਸਿੰਘ ਨਥੇਹਾ)- ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀਆਂ ਬੱਸਾਂ ਦੇ ਜੱਥੇ ਨੂੰ ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ ਵਲੋਂ ਪਿੰਡ ਕਰਾੜਵਾਲਾ, ਮੇਅਰ ਨਗਰ ਨਿਗਮ ਸ਼੍ਰੀ ਪਦਮਜੀਤ ਸਿੰਘ ਮਹਿਤਾ ਵਲੋਂ ਸਥਾਨਕ ਆਦਰਸ਼ ਨਗਰ ਨੇੜੇ ਐਨਐਫਐਲ, ਹਲਕਾ ਇੰਚਾਰਜ ਬਠਿੰਡਾ (ਦਿਹਾਤੀ) ਸ਼੍ਰੀ ਜਸਵਿੰਦਰ ਸਿੰਘ ਛਿੰਦਾ ਨੰਦਗੜ੍ਹ ਵਲੋਂ ਪਿੰਡ ਵਿਰਕ ਖੁਰਦ ਤੋਂ ਰਾਵਾਨਾ ਕੀਤਾ ਗਿਆ। ਇਸੇ ਤਰ੍ਹਾਂ ਰਾਮਪੁਰਾ ਹਲਕੇ ਦੇ ਪਿੰਡ ਭੋਡੀਪੁਰਾ, ਤਲਵੰਡੀ ਸਾਬੋ ਦੇ ਪਿੰਡ ਦੁਨੇਵਾਲ ਅਤੇ ਭੁੱਚੋ ਹਲਕੇ ਦੇ ਪਿੰਡ ਗੰਗਾ ਅਬਲੂ ਤੋਂ ਵੀ ਬੱਸਾਂ ਨੂੰ ਰਵਾਨਾ ਕੀਤਾ ਗਿਆ। ਇਸ ਦੌਰਾਨ ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਵਿੱਤਰ ਸਥਾਨਾਂ ਦੀ ਯਾਤਰਾ ਦੀ ਸਹੂਲਤ ਦੇ ਕੇ ਪੰਜਾਬੀਆਂ ਵਿੱਚ ਸਮਾਜਿਕ ਅਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਪਹਿਲਕਦਮੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਯੋਜਨਾ ਸਾਰੀਆਂ ਜਾਤਾਂ, ਧਰਮਾਂ, ਆਮ ਵਰਗਾਂ ਦੇ ਲੋਕਾਂ ਲਈ ਖੁੱਲ੍ਹੀ ਹੈ, ਜੋ ਕਿ ਸਰਕਾਰ ਦਾ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਨੇ ਸੂਬਾ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਦੇਵਤਿਆਂ, ਸੰਤਾਂ ਅਤੇ ਸ਼ਹੀਦਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਾਨੂੰ ਆਪਸੀ ਭਾਈਚਾਰੇ, ਭਾਈਵਾਲੀ ਏਕਤਾ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਕਿਸੇ ਵੀ ਬਜ਼ੁਰਗ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਸੂਬਾ ਸਰਕਾਰ ਨੇ ਸ਼ਰਧਾਲੂਆਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਵਿਸਤ੍ਰਿਤ ਪ੍ਰਬੰਧ ਕੀਤਾ ਹੋਇਆ ਹੈ। ਇਸ ਦੌਰਾਨ ਹਲਕਾ ਇੰਚਾਰਜ, ਬਠਿੰਡਾ (ਦਿਹਾਤੀ) ਸ਼੍ਰੀ ਜਸਵਿੰਦਰ ਸਿੰਘ ਛਿੰਦਾ ਨੰਦਗੜ੍ਹ ਨੇ ਕਿਹਾ ਕਿ ਇਹ ਯੋਜਨਾ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਦਰਸ਼ਨ ਅਨੁਸਾਰ ਤਿਆਰ ਕੀਤੀ ਗਈ ਹੈ, ਜਿਨ੍ਹਾਂ ਨੇ ਲੋਕਾਂ ਨੂੰ ਆਪਸੀ ਭਾਈਚਾਰੇ, ਏਕਤਾ ਅਤੇ ਸ਼ਾਂਤੀ ਦਾ ਸੰਦੇਸ਼ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਵਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਪਵਿੱਤਰ ਸਥਾਨਾਂ ਦੀ ਯਾਤਰਾ ਦੇ ਚਾਹਵਾਨਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਇਸ ਮੌਕੇ ਜਿਥੇ ਸ਼ਰਧਾਲੂਆਂ ਵਲੋਂ ਪੰਜਾਬ ਸਰਕਾਰ ਦਾ ਵਿਸ਼ੇਸ਼ ਸਕੀਮ ਚਲਾਉਣ 'ਤੇ ਧੰਨਵਾਦ ਕੀਤਾ ਉਥੇ ਹੀ ਸਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਮਨਰੇਗਾ ਮਜ਼ਦੂਰਾਂ ਨੇ ਸੀਂਗੋ ਵਿਖੇ ਕੇਂਦਰ ਸਰਕਾਰ ਦਾ ਫੂਕਿਆ ਪੁਤਲਾ

**ਤਲਵੰਡੀ ਸਾਬੋ, 23 ਦਸੰਬਰ ਗੁਰਜੰਟ ਸਿੰਘ ਨਥੇਹਾ**)- ਅੱਜ ਪਿੰਡ ਸੀਂਗੋ ਦੇ ਮਨਰੇਗਾ ਮਜ਼ਦੂਰਾਂ ਨੇ ਪਿੰਡ ਸੀਂਗੋ ਦੀ ਸੱਥ ਵਿੱਚ ਇਕੱਠੇ ਹੋਕੇ ਕੇਂਦਰ ਦੀ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਅਤੇ ਜਬਰਦਸਤ ਵਿਰੋਧ ਪ੍ਰਦਰਸਨ ਕੀਤਾ।ਇਸ ਸਮੇਂ ਪਿੰਡ ਦੀਆਂ ਨਰੇਗਾ ਮਜ਼ਦੂਰੀ ਵਾਲੀਆਂ ਬਜ਼ੁਰਗ ਬੀਬੀਆਂ ਨੇ ਮੋਦੀ ਸਰਕਾਰ ਦੇ ਵੈਣ ਦੀ ਪਾਏ ਅਤੇ ਪਿੱਟ-ਸਿਆਪਾ ਕੀਤਾ।ਨਰੇਗਾ ਮਜ਼ਦੂਰਾਂ ਨੇ ਕੇਂਦਰ ਦੀ ਮੋਦੀ ਸਰਕਾਰ ਉਪਰ ਦੋਸ਼ ਲਗਾਏ ਕਿ ਕੇਂਦਰ ਦੀ ਮੋਦੀ ਸਰਕਾਰ ਨਰੇਗਾ ਐਕਟ 2005 ਨੂੰ ਭੰਗ ਕਰਨ ਦੇ ਇਰਾਦੇ ਨਾਲ ਕਾਨੂੰਨ ਨਾਲ ਛੇੜਛਾੜ ਕਰ ਰਹੀ ਹੈ ਅਤੇ ਇਸ ਸਕੀਮ ਨੂੰ ਚਲਾਉਣ ਦੀ ਅਪਣੀ ਜਿਮੇਵਾਰੀ ਤੋਂ ਫਾਰਗ ਹੋਕੇ ਇਸ ਕਾਨੂੰਨ ਨੂੰ ਪੂਰੀ ਤਰਾਂ ਸੂਬਾ ਸਰਕਾਰਾਂ ਉੱਪਰ ਮੜ ਰਹੀ ਹੈ ਜਿਸ ਕਾਰਨ ਮਨਰੇਗਾ ਸਕੀਮ ਪੂਰੀ ਤਰ੍ਹਾਂ ਠੱਪ ਹੋ ਜਾਵੇਗੀ। ਇਸ ਸਮੇਂ ਮਨਰੇਗਾ ਮਜ਼ਦੂਰ ਜਗਸੀਰ ਸਿੰਘ ਸੀਂਗੋ, ਸਰਬਾ ਸਿੰਘ ਸੀਂਗੋ ਆਦਿ ਨੇ ਮਨਰੇਗਾ ਮਜ਼ਦੂਰਾਂ ਨੂੰ ਕੇਂਦਰ ਸਰਕਾਰ ਖਿਲਾਫ ਪਿੰਡ-ਪਿੰਡ ਜਾਕੇ ਵਿਰੋਧ ਕਰਨ ਦਾ ਸੰਦੇਸ਼ ਦਿੱਤਾ ਅਤੇ ਉਨਾਂ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਨਰੇਗਾ ਦੇ ਕੰਮ ਨੂੰ ਪਹਿਲਾਂ ਦੀ ਤਰ੍ਹਾਂ ਕੇਂਦਰ ਸਰਕਾਰ ਚਲਾਇਆ ਜਾਏ। ਇਸ ਸਮੇਂ ਜਿੱਥੇ ਵੱਡੀ ਗਿਣਤੀ ਨਰੇਗਾ ਮਜ਼ਦੂਰ ਬੀਬੀਆਂ ਅਤੇ ਕੁਲਦੀਪ ਸਿੰਘ ਸੀਂਗੋ, ਸੁੱਖਾ ਸਿੰਘ, ਨਿੱਕਾ ਸਿੰਘ, ਕੁਲਵੰਤ ਸਿੰਘ, ਜੀਤ ਸਿੰਘ ਸਰਪੰਚ ਗ੍ਰਾਮ ਪੰਚਾਇਤ ਪਿੰਡ ਸੀਂਗੋ ਮੈਂਬਰ ਪੰਚਾਇਤ ਮੋਹਤਬਰ ਵਿਅਕਤੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV



# ਦਿੱਲੀ ਕਮੇਟੀ ਵਲੋਂ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ




**ਨਵੀਂ ਦਿੱਲੀ, 23 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**-ਸਰਬੰਸਦਾਨੀ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਵੱਖ-ਵੱਖ ਰਾਗੀ ਸਿੰਘਾਂ ਦੇ ਜੱਥਿਆਂ ਨੇ ਗੁਰੂ ਕੀ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਸਾਕੇ ਸਾਡੀ ਨਵੀਂ ਪੀੜੀ ਨੂੰ ਸੁਣਾਉਣ ਨਾਲ ਸਿੱਖ ਕੌਮ ਹੋਰ ਮਜ਼ਬੂਤ ਹੋਵੇਗੀ। ਉਹਨਾਂ ਕਿਹਾ ਕਿ ਸਾਹਿਬਜ਼ਾਦੇ ਸਾਡੀ ਨਵੀਂ ਪੀੜੀ ਵਾਸਤੇ ਰੋਲ ਮਾਡਲ ਹਨ। ਨਿਊਜ਼ੀਲੈਂਡ ਵਿਚ ਨਗਰ ਕੀਰਤਨ ਨੂੰ ਰੋਕਣ ਦੀ ਘਟਨਾ ਦਾ ਜ਼ਿਕਰ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਸਿੱਖੀ ਦੇ ਧੁਰੇ ਪੰਜਾਬ ਵਿਚ ਇਸਾਈ ਧਰਮ ਦੇ ਆਗੂ ਵੱਡੀ ਪੱਧਰ 'ਤੇ ਲਾਲਚ ਦੇ ਕੇ ਗਰੀਬ ਸਿੱਖਾਂ ਦਾ ਧਰਮ ਪਰਿਵਰਤਰਨ ਕਰਵਾ ਰਹੇ ਹਨ। ਉਹਨਾਂ ਕਿਹਾ ਕਿ ਜਦੋਂ ਇਹਨਾਂ ਨੂੰ ਗੁਰੂ ਕੀਆਂ ਲਾਡੀਆਂ ਫੌਜਾਂ ਨਿਹੰਗ ਸਿੰਘਾਂ ਨੇ ਰੋਕਣ ਦਾ ਯਤਨ ਕੀਤਾ ਤਾਂ ਉਸਦੇ ਨਤੀਜੇ ਵਜੋਂ ਹੀ ਨਿਊਜ਼ੀਲੈਂਡ ਦੀ ਘਟਨਾ ਵਾਪਰੀ ਹੈ। ਉਹਨਾਂ ਕਿਹਾ ਕਿ ਇਹ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ ਕਿ ਸਿੱਖੀ ਦੀ ਸੰਭਾਲ ਲਈ ਪੰਜਾਬ ਵਿਚ ਜਿਹਨਾਂ ਦੀ ਮੁੱਢਲੀ ਜ਼ਿੰਮੇਵਾਰੀ ਹੈ, ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੇ ਹਨ, ਇਸੇ ਕਾਰਨ ਅਜਿਹਾ ਕੁਝ ਵਾਪਰ ਰਿਹਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 550 ਸਾਲਾ ਸ਼ਹੀਦੀ ਦਿਹਾੜੇ ਦੀ ਗੱਲ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਲਾਲ ਕਿਲ੍ਹੇ 'ਤੇ ਤਿੰਨ ਦਿਨ ਚੱਲੇ ਵਿਸ਼ਾਲ ਸਮਾਗਮਾਂ ਵਿਚ ਲੱਖਾਂ ਲੋਕ ਨਤਮਸਤਕ ਹੋਏ ਜਿਹਨਾਂ ਦੇ ਨਾਲ ਵੱਡੀ ਗਿਣਤੀ ਵਿਚ ਬੱਚੇ ਵੀ ਸ਼ਾਮਲ ਹੋਏ। ਉਹਨਾਂ ਕਿਹਾ ਕਿ ਜਦੋਂ ਇਸ ਪੱਧਰ 'ਤੇ ਸਮਾਗਮ ਹੁੰਦੇ ਹਨ ਤਾਂ ਬੱਚਿਆਂ ਨੂੰ ਸਿੱਖ ਧਰਮ ਬਾਰੇ ਜਾਨਣ ਅਤੇ ਸਿੱਖਣ ਦਾ ਮੌਕਾ ਮਿਲਦਾ ਹੈ। ਉਹਨਾਂ ਕਿਹਾ ਕਿ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਸਿੱਖੀ ਇਤਿਹਾਸ ਤੋਂ ਜਾਣੂ ਕਰਵਾਈਏ ਤਾਂ ਹੀ ਸਿੱਖੀ ਮਜ਼ਬੂਤ ਹੋਵੇਗੀ। ਇਸ ਮੌਕੇ ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸਿੱਖਿਆ ਦੇ ਖੇਤਰ ਵਾਸਤੇ ਦਸਵੰਧ ਜ਼ਰੂਰ ਕੱਢਣ। ਉਹਨਾਂ ਕਿਹਾ ਕਿ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਿਚ ਸਫਲ ਹੋ ਗਏ ਤਾਂ ਸਾਡੇ ਸਾਰੇ ਯਤਨ ਸਫਲ ਹੋ ਜਾਣਗੇ। ਉਹਨਾਂ ਕਿਹਾ ਕਿ ਕੌਮ ਦਾ ਸਰਮਾਇਆ ਬੇਸ਼ਕੀਮਤੀ ਹੈ ਤੇ ਜੇਕਰ ਇਸਦੀ ਸਦਵਰਤੋਂ ਸਿੱਖਿਆ ਦੇ ਲੰਗਰ ਵਾਸਤੇ ਹੋਵੇ ਤਾਂ ਇਸਦੇ ਬਹੁਤ ਚੰਗੇ ਤੇ ਚਿਰਕਾਲੀ ਨਤੀਜੇ ਸਾਹਮਣੇ ਆਉਣਗੇ। ਇਸ ਮੌਕੇ ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 25 ਦਸੰਬਰ ਨੂੰ ਸਜਾਏ ਜਾਣ ਵਾਲੇ ਨਗਰ ਕੀਰਤਨ, 26 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ 'ਤੇ ਹੋਣ ਵਾਲੇ ਸਮਾਗਮ ਅਤੇ 27 ਦਸੰਬਰ ਨੂੰ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਮਾਗਮਾਂ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਣ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਜਪਾ ਸ਼ਾਸਨ ਅਧੀਨ ਚੋਣ ਹੇਰਾਫੇਰੀ ਅਤੇ ਸੰਸਥਾਗਤ ਕਬਜ਼ੇ ਦਾ ਰਾਹੁਲ ਗਾਂਧੀ ਨੇ ਕੀਤਾ ਪਰਦਾਫਾਸ਼

## ਭਾਰਤ ਦੀ ਚੋਣ ਮਸ਼ੀਨਰੀ ਵਿੱਚ ਇੱਕ ਬੁਨਿਆਦੀ ਸਮੱਸਿਆ

ਨਵੀਂ ਦਿੱਲੀ 23 ਦਸੰਬਰ (ਮਨਪ੍ਰੀਤ ਸਿੰਘ ਖਾਲਸਾ): ਭਾਰਤ ਦੇ ਲੋਕਤੰਤਰੀ ਸੰਕਟ ਦੀ ਤਿੱਖੀ ਵਿਸ਼ਵਵਿਆਪੀ ਜਾਂਚ ਉਦੋਂ ਹੋਈ ਜਦੋਂ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ 'ਤੇ ਚੋਣਾਂ ਵਿੱਚ ਯੋਜਨਾਬੱਧ ਢੰਗ ਨਾਲ ਧਾਂਦਲੀ ਕਰਨ, ਲੋਕਤੰਤਰੀ ਸੰਸਥਾਵਾਂ ਨੂੰ ਅਪਾਹਜ ਕਰਨ ਅਤੇ ਸੱਤਾ 'ਤੇ ਆਪਣੀ ਪਕੜ ਬਣਾਈ ਰੱਖਣ ਲਈ ਰਾਜ ਏਜੰਸੀਆਂ ਨੂੰ ਹਥਿਆਰਬੰਦ ਕਰਨ ਦਾ ਦੋਸ਼ ਲਗਾਇਆ। ਰਾਹੁਲ ਗਾਂਧੀ ਨੇ ਬਰਲਿਨ ਦੇ ਹਰਟੀ ਸਕੂਲ ਵਿੱਚ "ਰਾਜਨੀਤੀ ਸੁਣਨ ਦੀ ਕਲਾ ਹੈ" ਸਿਰਲੇਖ ਵਾਲੇ ਇੱਕ ਭਾਸ਼ਣ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤ ਦੀ ਚੋਣ ਮਸ਼ੀਨਰੀ ਵਿੱਚ ਇੱਕ ਬੁਨਿਆਦੀ ਸਮੱਸਿਆ ਹੈ। ਉਨ੍ਹਾਂ ਨੇ ਵੱਡੇ ਪੱਧਰ 'ਤੇ "ਵੋਟ ਚੋਰੀ" ਅਤੇ ਵੋਟਰ ਸੂਚੀਆਂ ਵਿੱਚ ਹੇਰਾਫੇਰੀ ਦਾ ਦੋਸ਼ ਲਗਾਇਆ, ਇਹ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਨੇ 2024 ਵਿੱਚ ਹਰਿਆਣਾ ਵਿਧਾਨ ਸਭਾ ਚੋਣਾਂ ਪ੍ਰਭਾਵਸ਼ਾਲੀ ਢੰਗ ਨਾਲ ਜਿੱਤੀਆਂ ਸਨ ਅਤੇ ਮਹਾਰਾਸ਼ਟਰ ਦੀਆਂ ਚੋਣਾਂ "ਨਿਰਪੱਖ ਨਹੀਂ ਸਨ÷।ਉਨ੍ਹਾਂ ਕਿਹਾ ਕਿ ਕਾਂਗਰਸ ਨੇ ਭਾਰਤੀ ਚੋਣ ਕਮਿਸ਼ਨ ਨੂੰ ਅਟੱਲ ਸਬੂਤ ਪੇਸ਼ ਕੀਤੇ ਸਨ, ਜਿਨ੍ਹਾਂ ਵਿੱਚ ਡੁਪਲੀਕੇਟ ਅਤੇ ਜਾਅਲੀ ਵੋਟਰਾਂ ਦੇ ਮਾਮਲੇ ਵੀ ਸ਼ਾਮਲ ਸਨ, ਪਰ ਕੋਈ ਜਵਾਬ ਨਹੀਂ ਮਿਲਿਆ। ਇੱਕ ਸਪੱਸ਼ਟ ਉਦਾਹਰਣ ਦਿੰਦੇ ਹੋਏ, ਗਾਂਧੀ ਨੇ ਕਿਹਾ ਕਿ ਹਰਿਆਣਾ ਵਿੱਚ ਇੱਕ ਬ੍ਰਾਜ਼ੀਲੀਅਨ ਔਰਤ ਦਾ ਨਾਮ ਵੋਟਰ ਸੂਚੀ ਵਿੱਚ 22 ਵਾਰ ਆਇਆ, ਜਿਸ ਨੇ ਭਾਜਪਾ ਸ਼ਾਸਨ ਦੌਰਾਨ ਚੋਣ ਧੋਖਾਧੜੀ ਦੇ ਪੈਮਾਨੇ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, "ਅਸੀਂ ਬੁਨਿਆਦੀ ਤੌਰ 'ਤੇ ਮੰਨਦੇ ਹਾਂ ਕਿ ਭਾਰਤ ਵਿੱਚ ਚੋਣ ਪ੍ਰਣਾਲੀ ਵਿੱਚ ਇੱਕ ਗੰਭੀਰ ਸਮੱਸਿਆ ਹੈ।ਰਾਹੁਲ ਗਾਂਧੀ ਨੇ ਚੇਤਾਵਨੀ ਦਿੱਤੀ ਕਿ ਭਾਰਤ ਆਪਣੇ ਸੰਸਥਾਗਤ ਢਾਂਚੇ 'ਤੇ ਪੂਰੇ ਪੱਧਰ 'ਤੇ ਹਮਲਾ ਦੇਖ ਰਿਹਾ ਹੈ। ਉਨ੍ਹਾਂ ਨੇ ਮੋਦੀ ਦੀ ਅਗਵਾਈ ਵਾਲੀ ਸਰਕਾਰ 'ਤੇ ਲੋਕਤੰਤਰ ਦੀ ਰੱਖਿਆ ਲਈ ਬਣਾਏ ਗਏ ਸੰਵਿਧਾਨਕ ਸੰਸਥਾਵਾਂ 'ਤੇ ਕਬਜ਼ਾ ਕਰਨ, ਉਨ੍ਹਾਂ ਨੂੰ ਰਾਜਨੀਤਿਕ ਨਿਯੰਤਰਣ ਦੇ ਸਾਧਨਾਂ ਵਿੱਚ ਬਦਲਣ ਦਾ ਦੋਸ਼ ਲਗਾਇਆ।ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅਤੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਵਰਗੀਆਂ ਏਜੰਸੀਆਂ ਨੂੰ ਵਿਰੋਧੀ ਆਗੂਆਂ ਨੂੰ ਡਰਾਉਣ ਅਤੇ ਅਸਹਿਮਤੀ ਨੂੰ ਚੁੱਪ ਕਰਾਉਣ ਲਈ ਹਥਿਆਰ ਬਣਾਇਆ ਗਿਆ ਹੈ। ਉਨ੍ਹਾਂ ਨੇ ਚੋਣਵੇਂ ਨਿਸ਼ਾਨਾ ਬਣਾਉਣ ਦੇ ਸਪੱਸ਼ਟ ਪੈਟਰਨ ਦਾ ਦੋਸ਼ ਲਗਾਇਆ, ਇਹ ਨੋਟ ਕਰਦੇ ਹੋਏ ਕਿ ਜਾਂਚ ਏਜੰਸੀਆਂ ਕੋਲ ਭਾਜਪਾ ਨੇਤਾਵਾਂ ਵਿਰੁੱਧ "ਜ਼ੀਰੋ ਕੇਸ" ਹਨ, ਜਦੋਂ ਕਿ ਜ਼ਿਆਦਾਤਰ ਮਾਮਲੇ ਵਿਰੋਧੀ ਹਸਤੀਆਂ 'ਤੇ ਹਨ।ਗਾਂਧੀ ਨੇ ਸ਼ਾਸਨ 'ਤੇ ਕਾਰੋਬਾਰੀਆਂ 'ਤੇ ਦਬਾਅ ਪਾਉਣ ਦਾ ਵੀ ਦੋਸ਼ ਲਗਾਇਆ, ਦਾਅਵਾ ਕੀਤਾ ਕਿ ਜੋ ਲੋਕ ਵਿਰੋਧੀ ਪਾਰਟੀਆਂ ਨੂੰ ਵਿੱਤੀ ਤੌਰ 'ਤੇ ਸਮਰਥਨ ਦਿੰਦੇ ਹਨ ਉਨ੍ਹਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਕਿ ਭਾਜਪਾ ਦਾ ਸਮਰਥਨ ਕਰਨ ਵਾਲਿਆਂ ਨੂੰ ਸੁਰੱਖਿਆ ਮਿਲਦੀ ਹੈ। "ਭਾਜਪਾ ਰਾਜਨੀਤਿਕ ਸ਼ਕਤੀ ਬਣਾਉਣ ਅਤੇ ਭਾਰੀ ਵਿੱਤੀ ਸਰੋਤ ਇਕੱਠੇ ਕਰਨ ਲਈ ਸੰਸਥਾਵਾਂ ਦੀ ਵਰਤੋਂ ਕਰਦੀ ਹੈ, ਜਿਸ ਨਾਲ ਵਿਰੋਧੀ ਧਿਰ ਯੋਜਨਾਬੱਧ ਢੰਗ ਨਾਲ ਕਮਜ਼ੋਰ ਹੋ ਜਾਂਦੀ ਹੈ," ਉਸਨੇ ਕਿਹਾ। ਕਾਂਗਰਸ ਨੇਤਾ ਨੇ ਕਿਹਾ ਕਿ ਇਹ ਸਥਿਤੀ ਭਾਰਤ ਦੀਆਂ ਲੋਕਤੰਤਰੀ ਨੀਹਾਂ 'ਤੇ ਇੱਕ ਵੱਡੇ ਹਮਲੇ ਨੂੰ ਦਰਸਾਉਂਦੀ ਹੈ, ਜਿੱਥੇ ਚੋਣਾਂ, ਸੰਸਥਾਵਾਂ ਅਤੇ ਜਾਂਚ ਸੰਸਥਾਵਾਂ ਨੂੰ ਸੱਤਾਧਾਰੀ ਪਾਰਟੀ ਦੇ ਹਿੱਤਾਂ ਦੇ ਅਧੀਨ ਕੀਤਾ ਜਾ ਰਿਹਾ ਸੀ। ਉਨ੍ਹਾਂ ਐਲਾਨ ਕੀਤਾ ਕਿ ਕਾਂਗਰਸ ਭਾਜਪਾ ਦੇ ਭਾਰਤੀ ਰਾਜ 'ਤੇ ਕਬਜ਼ੇ ਵਜੋਂ ਵਰਣਨ ਕੀਤੇ ਗਏ ਵਿਰੋਧ ਦਾ ਮੁਕਾਬਲਾ ਕਰਨ ਲਈ "ਪ੍ਰਤੀਰੋਧ ਪ੍ਰਣਾਲੀ" ਬਣਾਏਗੀ।



ਆਵਾਜ਼ਿ ਕੌਮ AWAZE QAUM International Newspaper & WEB TV

### ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ

# ਪੋਹ ਮਹੀਨੇ ਦੀਆਂ ਸ਼ਹਾਦਤਾਂ ਅਤੇ ਕ੍ਰਿਸਮਸ ਨੂੰ ਸਮਰਪਿਤ ਰਹੀ

## ਪੋਹ ਮਹੀਨੇ ਦੇ ਸਾਰੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ, ਇਸ ਮਹੀਨੇ ਦੇ ਇੱਕ ਹਫ਼ਤੇ ਵਿੱਚ ਸਿੱਖ ਇਤਿਹਾਸ ਦੇ ਲਹੂ ਭਿੱਜੇ ਪੰਨਿਆਂ ਦੀ ਦਾਸਤਾਨ ਸਾਂਝੀ ਕੀਤੀ
















**ਕੈਲਗਰੀ, 23 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਦਸੰਬਰ ਮਹੀਨੇ ਦੀ ਮੀਟਿੰਗ, ਜੈਨੇਸਸ ਸੈਂਟਰ ਵਿਖੇ 21 ਦਸੰਬਰ, ਐਤਵਾਰ ਨੂੰ ਖਚਾ ਖਚ ਭਰੇ ਹਾਲ ਵਿੱਚ ਹੋਈ। ਸਭਾ ਦੇ ਸਕੱਤਰ ਗੁਰਨਾਮ ਕੌਰ ਨੇ ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ, ਅੱਤ ਦੀ ਸਰਦੀ ਵਿੱਚ ਪਹੁੰਚੀਆਂ, ਸਾਰੀਆਂ ਭੈਣਾਂ ਦਾ ਤਹਿ ਦਿਲੋਂ ਸਵਾਗਤ ਕੀਤਾ। ਉਹਨਾਂ ਪੋਹ ਮਹੀਨੇ ਦੇ ਸਾਰੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ, ਇਸ ਮਹੀਨੇ ਦੇ ਇੱਕ ਹਫ਼ਤੇ ਵਿੱਚ ਸਿੱਖ ਇਤਿਹਾਸ ਦੇ ਲਹੂ ਭਿੱਜੇ ਪੰਨਿਆਂ ਦੀ ਦਾਸਤਾਨ ਸਾਂਝੀ ਕੀਤੀ। ਇਸ ਤੋਂ ਬਾਅਦ ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਜੀ ਨੇ ਇਸ ਨੂੰ ਸਿੱਖ ਇਤਿਹਾਸ ਦਾ ਕਾਲਾ ਪੰਨਾ ਦੱਸਿਆ। ਉਨ੍ਹਾਂ ਕਿਹਾ 'ਸਰਸਾ ਹਰ ਇੱਕ ਦੀ ਜ਼ਿੰਦਗੀ ਵਿਚ ਚੜ੍ਹ ਕੇ ਆਉਂਦੀ ਹੈ, ਪਰ ਤਰਨਾ ਕਿਸੇ ਵਿਰਲੇ ਨੂੰ ਹੀ ਆਉਂਦਾ ਹੈ!' ਇਸ ਤੋਂ ਬਾਅਦ ਨਵੇਂ ਮੈਂਬਰਾਂ ਨਾਲ ਜਾਣ ਪਛਾਣ ਕਰਵਾਈ ਗਈ- ਜਿਨ੍ਹਾਂ ਵਿੱਚ ਅਮਰਜੀਤ ਕੌਰ ਧਾਲੀਵਾਲ, ਜਸਪਾਲ ਕੌਰ ਰੰਧਾਵਾ, ਪਰਮਜੀਤ ਕੌਰ ਅਤੇ ਪ੍ਰਿੰਸੀਪਲ ਚਰਨਦੀਪ ਕੌਰ ਸ਼ਾਮਿਲ ਸਨ। ਮੀਟਿੰਗ ਦਾ ਪਹਿਲਾ ਇਕ ਘੰਟਾ ਪੋਹ ਮਹੀਨੇ ਦੀਆਂ ਸ਼ਹਾਦਤਾਂ ਨੂੰ ਸਮਰਪਿਤ ਰਿਹਾ। ਇਸ ਵਿਸ਼ੇ ਤੇ- ਗੁਰਦੀਸ਼ ਕੌਰ ਗਰੇਵਾਲ ਨੇ ਮਾਤਾ ਗੁਜਰ ਕੌਰ ਜੀ ਨੂੰ ਸਮਰਪਿਤ ਕਵਿਤਾ- "ਸਮੇਂ ਜ਼ੋਰ ਲਾਇਆ, ਉਹ ਤਾਂ ਵੀ ਨਾ ਡੋਲੀ!" ਅਤੇ ਪ੍ਰਿੰਸੀਪਲ ਚਰਨਦੀਪ ਕੌਰ ਨੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕਵਿਤਾ ਸੁਣਾ ਕੇ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਹਰਜੀਤ ਕੌਰ ਜੌਹਲ, ਗੁਰਤੇਜ ਕੌਰ ਸਿੱਧੂ ਬਲਬੀਰ ਹਜ਼ੂਰੀਆਂ, ਮੁਖਤਿਆਰ ਕੌਰ, ਸਰਬਜੀਤ ਉਪੱਲ, ਹਰਦੇਵ ਕੌਰ, ਭਗਵੰਤ ਕੌਰ ਅਤੇ ਅਮਰਜੀਤ ਕੌਰ ਵਿਰਦੀ ਨੇ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਬਾਰੇ ਕਵਿਤਾਵਾਂ/ ਗੀਤ ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਬਰੇਕ ਤੋਂ ਬਾਅਦ, ਬਲਵੀਰ ਕੌਰ ਗਰੇਵਾਲ ਨੇ ਪੰਜਾਬੀ ਲੋਕ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਵੀਰਪਾਲ ਕੌਰ ਨੇ YYC ਸੀਨੀਅਰ ਹੋਮ ਕੇਅਰ ਬਾਰੇ ਜਾਣਕਾਰੀ ਦਿੱਤੀ। ਸਿੰਮੀ ਸੰਧਾਵਾਲੀਆ, ਰੂਪ ਸੈਣੀ ਅਤੇ ਨਵਦੀਪ ਨਾਗਰਾ ਨੇ ਮਾਇਕ ਸੈੱਟ ਦਾਨ ਕੀਤਾ। ਬਾਅਦ ਵਿੱਚ ਉਹਨਾਂ ਨੇ ਭੈਣਾਂ ਨੂੰ ਤੰਬੋਲਾ ਖਿਡਾ ਕੇ, ਜਿੱਥੇ ਸਭ ਦਾ ਮਨ ਪਰਚਾਵਾ ਕੀਤਾ, ਉਥੇ ਜਿੱਤਣ ਵਾਲੀਆਂ ਨੂੰ 25-25 ਡਾਲਰ ਦੇ ਗਿਫ਼ਟ ਕਾਰਡ ਵੀ ਦਿੱਤੇ। ਸਾਲ ਦਾ ਅੰਤ ਹੋਣ ਕਾਰਨ, ਹਰ ਸਾਲ ਦੀ ਤਰ੍ਹਾਂ ਸਭਾ ਵੱਲੋਂ ਸਮੂਹ ਮੈਂਬਰ ਨੂੰ ਤੋਹਫੇ ਵੰਡੇ ਗਏ। ਫੂਡ ਕਮੇਟੀ ਵਾਲੀਆਂ ਭੈਣਾਂ ਨੇ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਚਾਹ, ਸਨੈਕਸ ਖਾਣਾ ਪਰੋਸਿਆ। ਬੀ ਟੀ ਵੀ ਦੀ ਟੀਮ ਨੇ ਉਚੇਚੇ ਤੌਰ ਤੇ ਪਹੁੰਚ ਕੇ ਇਸ ਮੀਟਿੰਗ ਦੀ ਕਵਰੇਜ ਕੀਤੀ। ਬਲਵਿੰਦਰ ਕੌਰ ਬਰਾੜ ਪ੍ਰਧਾਨ 403-590-9629 ਗੁਰਚਰਨ ਕੌਰ ਥਿੰਦ ਕੋਆਰਡੀਨੇਟਰ 403-402-9635

**ਰਿਪੋਰਟ ਕਰਤਾ ਗੁਰਨਾਮ ਕੌਰ ਸਕੱਤਰ**

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਰੌਸ਼ਨ ਜ਼ੁਬਾਨ ਜਦੋਂ ਹੋਈ ਬੇ-ਲਗਾਮ

**ਅੰਮ੍ਰਿਤਸਰ/ਰਸ਼ਿਪੰਦਰ ਕੌਰ ਗਿੱਲ** ✶ ਸਿਆਸਤ ਵਿੱਚ ਰੌਸ਼ਨ ਜੁਬਾਨ ਹੋਈ। ਖੁਦ ਨੂੰ ਕੌਮ ਦਾ ਦਰਦੀ ਅਤੇ ਪੰਥ ਦਾ ਸੇਵਾਦਾਰ ਦੱਸਣ ਵਾਲਾ ਰੌਸ਼ਨ ਜੁਬਾਨ ਮਰਦ ਆਪਣੇ ਚਿੱਟੇ ਲਿਬਾਸ ਪਿੱਛੇ ਆਪਣੀ ਰੌਸ਼ਨ ਜੁਬਾਨ ਨਾ ਲੁਕਾ ਪਾਇਆ ਅਤੇ ਉਸਦੀ ਅਸਲਿਅਤ ਉਸ ਸਮੇਂ ਸਾਹਮਣੇ ਆ ਗਈ ਜਦੋਂ ਉਸਨੇ ਆਪਣੀ ਹੀ ਸਿਆਸੀ ਪਾਰਟੀ ਦੀ ਇੱਕ ਮਹਿਲਾ ਅਹੁੱਦੇਦਾਰ ਨੂੰ ਆਪਣੀ ਰੌਸ਼ਨ ਜੁਬਾਨ ਨਾਲ ਨਿਸ਼ਾਨਾ ਬਣਾਇਆ। ਕਾਰਨ ਸਿਰਫ ਇਹ ਸਾਹਮਣੇ ਆਇਆ ਕਿ ਉਹ ਮਹਿਲਾ ਅਹੁੱਦੇਦਾਰ ਆਪਣੇ ਰੁਤਬੇ ਦੇ ਮੁਤਾਬਿਕ ਇਮਾਨਦਾਰੀ ਨਾਲ ਪਾਰਟੀ ਦਾ ਕੰਮ ਕਰ ਰਹੀ ਹੈ। ਜੋ ਕਿ ਰੌਸ਼ਨ ਜ਼ੁਬਾਨ ਮਰਦ ਨੂੰ ਹਰ ਸਮੇਂ ਖੱਟਕਦਾ ਹੈ। ਕਿਉਂਕਿ ਕੌਮ ਅਤੇ ਪੰਥ ਵੱਲੋਂ ਮਿਲੇ ਸਤਿਕਾਰ ਭਾਵਨਾ ਨੇ ਰੌਸ਼ਨ ਜੁਬਾਨ ਮਰਦ ਨੂੰ ਅਹੰਕਾਰ ਦੇ ਚਨੇ ਦੇ ਝਾੜ ਉੱਪਰ ਇਸ ਕਦਰ ਚੜਾ ਦਿੱਤਾ ਹੈ ਕਿ ਉਹ ਹੁਣ ਹਰ ਕਿਸੇ ਨੂੰ ਹੀਣ ਭਾਵਨਾ ਨਾਲ ਦੇਖਦਾ ਹੈ ਅਤੇ ਖੁਦ ਨੂੰ ਪੰਥਕ ਸਫ਼ਾ ਵਿੱਚ ਉੱਚ ਅਹੁੱਦੇ 'ਤੇ ਮੰਨਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਦ ਕਿ ਉਸਦੀ ਬੋਲਚਾਲ, ਉਸਦਾ ਵਿਹਾਰ ਉਸਨੂੰ ਕੌਮ ਅਤੇ ਪੰਥ ਦਾ ਦੋਖੀ ਸਾਬਿਤ ਕਰ ਰਹੇ ਹਨ। ਇਨਸਾਨ ਜਿੰਨਾਂ ਮਰਜੀ ਆਪਣੀ ਅੰਦਰਲੀ ਸੋਚ ਨੂੰ ਲੋਕਾਂ ਤੋਂ ਲੁਕਾ ਕੇ ਰੱਖੇ ਪਰ ਉਸਦੀ ਅਸਲਿਅਤ ਇੱਕ ਨਾ ਇੱਕ ਦਿਨ ਉਜਾਗਰ ਜਰੂਰ ਹੁੰਦੀ ਹੈ। ਇਸੇ ਤਰਾਂ ਰੌਸ਼ਨ ਜ਼ੁਬਾਨ ਦੀ ਸੱਚਾਈ ਦੱਸੇ ਬਿਨਾਂ ਮੇਰੀ ਕਲਮ ਰਹਿ ਹੀ ਨਹੀਂ ਸਕਦੀ। ਮੇਰੀ ਕਲਮ ਜੋ ਬਿਆਨ ਕਰਨ ਜਾ ਰਹੀ ਹੈ ਸੱਚੀ ਘਟਨਾ ਤੇ ਅਧਾਰਿਤ ਹੈ। ਚਿੱਟੇ ਲਿਬਾਸਾਂ ਵਿੱਚ ਰਹਿਣ ਵਾਲੇ ਦਾਗ.ੀ ਕਿਰਦਾਰ, ਦਾਗ.ੀ ਦਿਮਾਗ ਅਤੇ ਦਾਗ.ੀ ਜ਼ੁਬਾਨ ਨੂੰ ਉਜਾਗਰ ਕਰਨਾ ਬਹੁਤ ਜ਼ਰੂਰੀ ਹੈ। ਕਿਉਂਕਿ ਸਿਆਸਤ ਤਾਂ ਅੱਗੇ ਹੀ ਬਦਨਾਮ ਹੈ ਪਰ ਜੇਕਰ ਦਾਗ.ੀ ਦਿਮਾਗ ਅਤੇ ਦਾਗ.ੀ ਜ਼ੁਬਾਨ ਵਾਲੇ ਸ਼ਖ਼ਸ ਸਿਆਸਤ ਵਿੱਚ ਪੈਰ ਜਮਾ ਗਏ ਤਾਂ ਪੰਜਾਬ ਦੀ ਸਿਆਸਤ ਲਈ ਖ਼ਤਰਾ ਹੋਰ ਭਿਆਨਕ ਰੂਪ ਲੈ ਜਾਏਗਾ। 84 ਦੇ ਦੌਰ ਦੇ ਵਿੱਚ ਲਏ ਗਏ ਫੈਂਸਲੇ ਸ਼ਾਇਦ ਇਹ ਹੀ ਸੋਚ ਕੇ ਲਏ ਗਏ ਹੋਣਗੇ। ਸ਼ਾਇਦ ਉਹ ਫੈਂਸਲੇ ਸਹੀ ਸੀ। ਆਪਣੇ ਆਪ ਨੂੰ ਸਿਆਸਤ ਦਾ ਇੱਕ ਸੀਨਿਅਰ ਅਹੁੱਦੇਦਾਰ ਸਮਝਣ ਵਾਲਾ ਨੀਵੇਂ ਕਿਰਦਾਰ ਦਾ ਸ਼ਖ਼ਸ ਆਪਣੀ ਹੀ ਪਾਰਟੀ ਦੀ ਇੱਕ ਮਹਿਲਾ ਅਹੁੱਦੇਦਾਰ ਨੂੰ ਕੁੱ ਹ. ਗਾਲਾਂ ਨਾਲ ਸ਼ਰੇਆਮ ਪਾਰਟੀ ਦਫ਼ਤਰ ਵਿੱਚ 10 ਹੋਰ ਪਾਰਟੀ ਦੇ ਮਰਦ ਅਹੁੱਦੇਦਾਰਾਂ ਦੇ ਸਾਹਮਣੇ ਸੰਬੋਧਿਤ ਕਰਦਾ ਹੈ। ਸਿਰਫ ਇਸ ਲਈ ਕਿ ਉਹ ਮਹਿਲਾ ਅਹੁੱਦੇਦਾਰ ਉਸ ਮਰਦ ਸੀਨੀਅਰ ਅਹੁੱਦੇਦਾਰ ਅੱਗੇ ਝੁੱਕਦੀ ਨਹੀਂ, ਉਸ ਅੱਗੇ ਦੱਬ ਕੇ ਨਹੀਂ ਰਹਿੰਦੀ। ਪਿੱਠ ਪਿੱਛੇ ਉਸ ਰੌਸ਼ਨ ਜੁਬਾਨ ਮਰਦ ਅਹੁੱਦੇਦਾਰ ਵੱਲੋਂ ਉਸ ਮਹਿਲਾ ਅਹੁੱਦੇਦਾਰ ਦੀ ਕਿਰਦਾਰਕੁਸ਼ੀ ਕਈ ਵਾਰ ਕੀਤੀ ਗਈ। ਉਸ ਮਹਿਲਾ ਅਹੁੱਦੇਦਾਰ ਦੇ ਸੋਸ਼ਲ ਅਕਾਉਂਟ ਨੂੰ ਵੱਖ-ਵੱਖ ਮਰਦਾਂ ਨੂੰ ਸ਼ੇਅਰ ਕਰਕੇ ਭੱਦੇ ਕਮੈਂਟ ਕਈ ਵਾਰ ਕੀਤੇ ਗਏ। ਜਦ ਕਿ ਉਸ ਰੌਸ਼ਨ ਜੁਬਾਨ ਮਰਦ ਅਹੁੱਦੇਦਾਰ ਦੇ ਕਿਰਦਾਰ ਦੀਆਂ ਧੱਜੀਆਂ ਖੁਦ ਉਸਦੇ ਪਰਿਵਾਰ ਵਿੱਚ ਹੀ ਉੱਡੀਆਂ ਹੋਈਆਂ ਹਨ। ਜਦੋਂ ਉਸ ਰੌਸ਼ਨ ਜੁਬਾਨ ਮਰਦ ਅਹੁੱਦੇਦਾਰ ਨੇ ਦੇਖਿਆ ਕਿ ਪਿੱਠ ਪਿੱਛੇ ਕਿਰਦਾਰਕੁਸ਼ੀ ਕਰਣ ਦਾ ਕੋਈ ਫ਼ਾਇਦਾ ਦਿੱਸ ਨਹੀਂ ਰਿਹਾ ਕਿਉਂਕਿ ਜਿੰਨਾਂ ਅੱਗੇ ਉਸ ਮਹਿਲਾ ਅਹੁੱਦੇਦਾਰ ਦੀ ਉਹ ਬੁਰਾਈ ਕਰਦਾ ਸੀ, ਉਹ ਮੈਂਬਰ ਰੌਸ਼ਨ ਜ਼ੁਬਾਨ ਮਰਦ ਦੇ ਭੱਦੇ ਕਮੈਂਟ ਸੁਣ ਕੇ ਅਤੇ ਹੱਸ ਕੇ ਗੱਲ ਟਾਲ ਦਿੰਦੇ ਸਨ ਅਤੇ ਨਾਲ ਹੀ ਉਸ ਮਹਿਲਾ ਅਹੁੱਦੇਦਾਰ ਨੂੰ ਦੱਸ ਵੀ ਦਿੰਦੇ ਸਨ ਕਿ ਇਹ ਰੌਸ਼ਨ ਜ਼ੁਬਾਨ ਮਰਦ ਆਪ ਜੀ ਬਾਰੇ ਇਹ ਸਭ ਬੋਲਦਾ ਫਿਰ ਰਿਹਾ ਹੈ। ਫਿਰ ਉਸ ਰੌਸ਼ਨ ਜ਼ੁਬਾਨ ਮਰਦ ਅਹੁੱਦੇਦਾਰ ਨੇ ਪੈਂਤਰਾ ਬਦਲਿਆ ਖੁਦ ਉਸ ਮਹਿਲਾ ਅਹੁੱਦੇਦਾਰ ਨੂੰ ਫੋਨ ਕਰਕੇ ਦੱਸਿਆ ਕਿ ਤੇਰੇ ਬਾਰੇ ਪਾਰਟੀ ਵਿੱਚ ਮਰਦ ਅਹੁੱਦੇਦਾਰਾਂ ਵਿੱਚ ਇਹ ਚਰਚਾ ਚੱਲ ਰਹੀ ਹੈ। ਪਰ ਉਸ ਰੌਸ਼ਨ ਜ਼ੁਬਾਨ ਮਰਦ ਅਹੁੱਦੇਦਾਰ ਨੂੰ ਇਹ ਨਹੀਂ ਪਤਾ ਸੀ ਕਿ ਉਹ ਮਹਿਲਾ ਅਹੁੱਦੇਦਾਰ ਸਿਰਫ ਕਾਲਜ ਯੂਨੀਵਰਸਿਟੀ ਦੀਆਂ ਡਿਗਰੀਆਂ ਨਹੀਂ ਲੈ ਕੇ ਬੈਠੀ ਬਲਕਿ ਜ਼ਿੰਦਗੀ ਦੀ ਹਕੀਕਤ ਦੇ ਕੌੜੇ ਸੱਚ ਦੀਆਂ ਡਿਗਰੀਆਂ ਵੀ ਸੰਭਾਲੀ ਬੈਠੀ ਹੈ। ਉਸ ਮਹਿਲਾ ਅਹੁੱਦੇਦਾਰ ਨੂੰ ਪਹਿਲੇ ਦਿਨ ਤੋਂ ਹੀ ਇਸ ਰੌਸ਼ਨ ਜੁਬਾਨ ਵਾਲੇ ਮਰਦ ਅਹੁੱਦੇਦਾਰ ਦੀ ਅਸਲੀਅਤ ਪਾਰਟੀ ਦੇ ਬਾਕੀ ਮੈਂਬਰ ਦੱਸਦੇ ਰਹਿੰਦੇ ਸਨ, ਜਿਸ ਕਰਕੇ ਉਹ ਮਹਿਲਾ ਅਹੁੱਦੇਦਾਰ ਇਸ ਰੌਸ਼ਨ ਜ਼ੁਬਾਨ ਮਰਦ ਤੋਂ ਦੂਰੀ ਬਣਾ ਕੇ ਰੱਖਦੀ ਸੀ। ਜਦ ਉਸ ਮਹਿਲਾ ਅਹੁੱਦੇਦਾਰ ਨੇ ਉਸ ਰੌਸ਼ਨ ਜ਼ੁਬਾਨ ਮਰਦ ਦੀ ਦੱਸੀ ਹਰ ਗੱਲ ਨੂੰ ਅਣਸੁਣਿਆ ਕਰ ਦਿੱਤਾ ਤਾਂ ਉਸ ਰੌਸ਼ਨ ਜ਼ੁਬਾਨ ਮਰਦ ਨੇ ਫਿਰ ਦੁਬਾਰਾ ਪੈਂਤਰਾ ਬਦਲ ਕੇ ਉਸ ਮਹਿਲਾ ਅਹੁੱਦੇਦਾਰ ਅੱਗੇ ਬਹੁਤ ਹੀ ਤਮੀਜ਼ ਨਾਲ ਪੇਸ਼ ਆਉਣਾ ਸ਼ੁਰੂ ਕਰ ਦਿੱਤਾ। ਪਰ ਕੁੱਤੇ ਦੀ ਪੂਛ ਕਦੇ ਵੀ ਸਿੱਧੀ ਨਹੀਂ ਹੁੰਦੀ ਇਹ ਸਿੱਧ ਹੋ ਚੁੱਕਾ ਹੈ। ਇਸ ਰੌਸ਼ਨ ਜ਼ੁਬਾਨ ਮਰਦ ਨੇ ਇਸ ਮਹਿਲਾ ਅਹੁੱਦੇਦਾਰ ਦੇ ਖਿਲਾਫ ਪਾਰਟੀ ਦੀਆਂ ਬਾਕੀ ਮਹਿਲਾ ਮੈਂਬਰਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ਅਤੇ ਜਦੋਂ ਉੱਚ ਅਹੁੱਦੇ ਦਾ ਲਾਲਚ ਮਿਲਿਆ ਹੋਵੇ ਤਾਂ ਔਰਤ ਹੀ ਔਰਤ ਦੀ ਦੁਸ਼ਮਣ ਬਨਣੀ ਸੁਭਾਵਿਕ ਹੈ। ਇਹ ਰੌਸ਼ਨ ਜ਼ੁਬਾਨ ਮਰਦ ਔਰਤਾਂ ਨੂੰ ਆਪਸ ਵਿੱਚ ਲੜਾ ਕੇ ਖੁਦ ਤਮਾਸ਼ਾ ਦੇਖਣਾ ਚਾਹੁੰਦਾ ਸੀ। ਪਰ ਉਹ ਮਹਿਲਾ ਅਹੁੱਦੇਦਾਰ ਇਸ ਰੌਸ਼ਨ ਜ਼ੁਬਾਨ ਮਰਦ ਦੀ ਅਤੇ ਬਾਕੀ ਦੀਆਂ ਮਹਿਲਾ ਮੈਂਬਰਾਂ ਦੀਆਂ ਚਲਾਕੀਆਂ ਬਾਖੂਬੀ ਸਮਝ ਰਹੀ ਸੀ, ਇਸ ਲਈ ਉਹ ਮਹਿਲਾ ਅਹੁੱਦੇਦਾਰ ਆਪਣੀ ਸਮਝ ਮੁਤਾਬਿਕ ਸਭ ਤੋਂ ਦੂਰੀ ਬਣਾ ਕੇ ਚੱਲ ਰਹੀ ਸੀ। ਜਦੋਂ ਰੌਸ਼ਨ ਜ਼ੁਬਾਨ ਮਰਦ ਦਾ ਔਰਤਾਂ ਨੂੰ ਆਪਸ ਵਿੱਚ ਲੜਾਉਣ ਦਾ ਪੈਂਤਰਾ ਵੀ ਕਾਮਯਾਬ ਨਾ ਹੋਇਆ ਤਾਂ ਰੌਸ਼ਨ ਜ਼ੁਬਾਨ ਮਰਦ ਨੇ ਮਹਿਲਾ ਵਿੰਗ ਦੀ ਪ੍ਰਧਾਨ ਨਾਲ ਮਿਲ ਕੇ ਇਸ ਮਹਿਲਾ ਅਹੁੱਦੇਦਾਰ ਨੂੰ ਪਾਰਟੀ ਵਿੱਚੋਂ ਨਿਸ਼ਕਾਸਿਤ ਕਰਨ ਦੀ ਯੋਜਨਾ ਬਣਾਈ। ਪਰ ਪਾਰਟੀ ਪ੍ਰਧਾਨ ਦੀ ਦਖਲਅੰਦਾਜ਼ੀ ਨਾਲ ਰੌਸ਼ਨ ਜ਼ੁਬਾਨ ਮਰਦ ਦਾ ਇਹ ਪੈਂਤਰਾ ਵੀ ਕਾਮਯਾਬ ਨਾ ਹੋ ਸਕਿਆ। ਪਾਰਟੀ ਪ੍ਰਧਾਨ ਵੱਲੋਂ ਉਸ ਮਹਿਲਾ ਅਹੁੱਦੇਦਾਰ ਦੇ ਕੰਮ ਦੀ ਤਾਰੀਫ ਕਰਨਾ ਉਸ ਰੌਸ਼ਨ ਜ਼ੁਬਾਨ ਮਰਦ ਨੂੰ ਆਪਣੀ ਸ਼ਿਖਸਤ ਵਾਂਗ ਮਹਿਸੂਸ ਹੋਇਆ। ਫਿਰ ਰੌਸ਼ਨ ਜ਼ੁਬਾਨ ਮਰਦ ਨੂੰ ਮੈਦਾਨ ਵਿੱਚ ਉਤਰ ਕੇ ਵਾਰ ਕਰਨਾ ਹੀ ਪਿਆ। ਜਿਸ ਨਾਲ ਇਸ ਰੌਸ਼ਨ ਜ਼ੁਬਾਨ ਮਰਦ ਦੀ ਅਸਲਿਅਤ ਸਭ ਦੇ ਸਾਹਮਣੇ ਉਜਾਗਰ ਹੋਈ। ਪਾਰਟੀ ਦਫਤਰ ਵਿੱਚ ਵੜਦਿਆਂ ਹੀ ਇਹ ਰੌਸ਼ਨ ਜ਼ੁਬਾਨ ਮਰਦ ਉਸ ਮਹਿਲਾ ਅਹੁੱਦੇਦਾਰ ਨੂੰ ਪਾਰਟੀ ਦੇ ਦਫਤਰ ਵਿੱਚੋਂ ਬਹੁਤ ਹੀ ਬਦਤਮੀਜ਼ੀ ਨਾਲ ਬਾਹਰ ਜਾਣ ਲਈ ਕਹਿੰਦਾ ਹੈ। ਜਦ ਕਿ ਮਹਿਲਾ ਅਹੁੱਦੇਦਾਰ ਇਸ ਰੌਸ਼ਨ ਜ਼ੁਬਾਨ ਮਰਦ ਦੇ ਸਤਿਕਾਰ ਵਿੱਚ ਖੜੀ ਹੋਈ ਸੀ। ਇਸ ਰੌਸ਼ਨ ਜ਼ੁਬਾਨ ਮਰਦ ਨੇ ਬਹੁਤ ਹੀ ਬਦਤਮਿਜ਼ੀ ਨਾਲ ਇਹ ਕਹਿ ਕੇ ਉਸ ਮਹਿਲਾ ਔਰਤ ਨੂੰ ਦਫਤਰ ਵਿੱਚੋਂ ਬਾਹਰ ਜਾਣ ਲਈ ਕਿਹਾ ਕਿ ਇਹ ਦਫਤਰ ਔਰਤਾਂ ਲਈ ਨਹੀਂ ਬਣਾਇਆ ਗਿਆ। ਉਸ ਸਮੇਂ ਉਸ ਦਫਤਰ ਵਿੱਚ 10 ਹੋਰ ਮਰਦ ਮੈਂਬਰ ਸਨ ਜੋ ਚੁੱਪਚਾਪ ਇਹ ਸਭ ਦੇਖ ਰਹੇ ਸਨ। ਉਹ ਮਹਿਲਾ ਅਹੁੱਦੇਦਾਰ ਬਿਨਾਂ ਕੁਝ ਕਹੇ ਚੁੱਪਚਾਪ ਉਸ ਦਫਤਰ ਤੋਂ ਬਾਹਰ ਜਾ ਕੇ ਬੈਠ ਗਈ। ਰੌਸ਼ਨ ਜ਼ੁਬਾਨ ਮਰਦ ਨੇ ਆਪਣਾ ਇੱਕ ਚਮਚਾ ਉਸ ਮਹਿਲਾ ਅਹੁੱਦੇਦਾਰ ਕੋਲ ਨਜ਼ਰ ਰੱਖਣ ਲਈ ਭੇਜ ਦਿੱਤਾ ਅਤੇ ਖੁਦ ਦਫਤਰ ਵਿੱਚ ਬੈਠ ਕੇ ਉਸ ਮਹਿਲਾ ਅਹੁੱਦੇਦਾਰ ਦੇ ਸੋਸ਼ਲ ਅਕਾਉਂਟ ਦੀਆਂ ਤਸਵੀਰਾਂ ਬਾਕੀ ਦੇ ਮਰਦ ਮੈਂਬਰਾਂ ਨੂੰ ਦਿਖਾ ਕੇ ਭੱਦੇ-ਭੱਦੇ ਕਮੈਂਟ ਕਰਨੇ ਸ਼ੁਰੂ ਕਰ ਦਿੱਤੇ। ਨੈਟਵਰਕ ਦੇ ਜ਼ਮਾਨੇ ਵਿੱਚ ਇਹ ਹਰਕਤ ਨਾਲ ਦੀ ਨਾਲ ਉਸ ਮਹਿਲਾ ਅਹੁੱਦੇਦਾਰ ਨੂੰ ਦਫਤਰ ਵਿੱਚ ਮੌਜੂਦ ਮਰਦ ਦੱਸ ਰਹੇ ਸਨ। ਇਹ ਰੌਸ਼ਨ ਜ਼ੁਬਾਨ ਮਰਦ ਆਪਣਾ ਰੌਸ਼ਨ ਦਿਮਾਗ ਵਰਤ ਕੇ ਕੁਝ ਸਮੇਂ ਬਾਅਦ ਦਫਤਰ ਵਿੱਚੋਂ ਚਲਾ ਗਿਆ। ਇਸ ਰੌਸ਼ਨ ਜ਼ੁਬਾਨ ਮਰਦ ਦੇ ਜਾਣ ਤੋਂ ਬਾਅਦ ਦਫਤਰ ਵਿੱਚ ਮੌਜੂਦ ਸਭ ਮਰਦਾਂ ਨੇ ਉਸ ਮਹਿਲਾ ਅਹੁੱਦੇਦਾਰ ਨਾਲ ਕੀਤੇ ਇਸ ਰੌਸ਼ਨ ਜ਼ੁਬਾਨ ਮਰਦ ਵੱਲੋਂ ਮਾੜੇ ਵਿਹਾਰ ਦੀ ਨਿੰਦਾ ਕੀਤੀ ਅਤੇ ਉਸ ਮਹਿਲਾ ਅਹੁੱਦੇਦਾਰ ਨੂੰ ਪੂਰੀ ਇੱਜ਼ਤ ਨਾਲ ਦੁਬਾਰਾ ਦਫਤਰ ਵਿੱਚ ਬਿਠਾਇਆ। ਹੌਲੀ-ਹੌਲੀ ਦਫਤਰ ਦਾ ਮਾਹੌਲ ਪਾਰਟੀ ਦੇ ਕੰਮ-ਕਾਜ ਵੱਲ ਹੋ ਗਿਆ। ਤਕਰੀਬਨ 2 ਘੰਟੇ ਬਾਅਦ ਦਫਤਰ ਵਿੱਚ ਮੌਜੂਦ ਸਾਰੇ ਮੈਂਬਰ ਦੁਪਹਿਰ ਦੇ ਖਾਣੇ ਲਈ ਟੇਬਲ 'ਤੇ ਪਹੁੰਚੇ। ਸਾਰੇ ਮੈਂਬਰਾਂ ਸਾਹਮਣੇ ਖਾਣੇ ਦੀ ਥਾਲੀ ਸਜੀ ਪਈ ਸੀ। ਮਹਿਲਾ ਅਹੁੱਦੇਦਾਰ ਖਾਣਾ ਖਾਣ ਲੱਗੀ ਤਾਂ ਉਸ ਦੇ ਪਿੱਛੇ ਖੜੇ ਰੌਸ਼ਨ ਜ਼ੁਬਾਨ ਮਰਦ ਦੀ ਅਵਾਜ਼ ਆਈ,





"ਇਸ ਜਨਾਨੀ ਨੂੰ ਕਹੋ ਕਿ ਮੇਰੇ ਨਾਲ ਸਿੱਧੇ ਤੌਰ 'ਤੇ ਗੱਲ ਕਰੇ। ਮੇਰੇ ਪਿੱਠ ਪਿੱਛੇ ਗੱਲ ਕਰਨ ਦੀ ਲੋੜ ਨਹੀਂ।"

ਉਸ ਮਹਿਲਾ ਅਹੁੱਦੇਦਾਰ ਨੇ ਬਿਨਾਂ ਉਸ ਵੱਲ ਦੇਖੇ ਜਵਾਬ ਦਿੱਤਾ-

÷ਪਿੱਠ ਪਿੱਛੇ ਕੌਣ ਗੱਲਾਂ ਕਰਦਾ ਸਭ ਨੂੰ ਪਤਾ ਹੈ, ਮੈਂ ਤੁਹਾਡੇ ਨਾਲ ਖਾਣਾ ਖਾ ਕੇ ਗੱਲ ਕਰਾਂਗੀ।÷

ਰੌਸ਼ਨ ਜ਼ੁਬਾਨ ਮਰਦ ਉਸ ਮਹਿਲਾ ਅਹੁੱਦੇਦਾਰ ਦੇ ਸਾਹਮਣੇ ਆ ਕੇ ਬੋਲਿਆ- "ਤੇਰੀ ਔਕਾਤ ਹੈ ਕਿ ਤੂੰ ਮੇਰੇ ਸਾਹਮਣੇ ਖੜ ਕੇ ਗੱਲ ਕਰੇਂ।÷

ਮਹਿਲਾ ਅਹੁੱਦੇਦਾਰ ਇਸ ਵਾਰ ਤਲਖ ਲਿਹਾਜ ਵਿੱਚ ਰੌਸ਼ਨ ਜ਼ੁਬਾਨ ਮਰਦ ਨੂੰ ਘੂਰ ਕੇ ਬੋਲੀ- "ਸਰ ਲਿਮਿਟ ਵਿੱਚ ਰਹਿ ਕੇ ਗੱਲ ਕਰੋ ਤੁਸੀਂ÷

ਰੌਸ਼ਨ ਜ਼ੁਬਾਨ ਮਰਦ ਆਪਣੀ ਔਕਾਤ ਦਿਖਾਉਂਦਾ ਹੋਇਆ ਗਾਲਾਂ ਕੱਢਣ ਲੱਗ ਪਿਆ- "ਕੁੱ……, ਹਰਾ….. ਤੂੰ ਮੈਨੂੰ ਮੇਰੀ ਲਿਮਟ ਦੱਸੇਂਗੀ।÷

ਉਸ ਮਹਿਲਾ ਅਹੁੱਦੇਦਾਰ ਦਾ ਖਾਣਾ ਉੱਥੇ ਹੀ ਛੁੱਟ ਗਿਆ ਅਤੇ ਆਪਣੀ ਅਣਖ ਨੂੰ ਮੁੱਖ ਰੱਖਦਿਆਂ ਉਸ ਮਹਿਲਾ ਅਹੁੱਦੇਦਾਰ ਨੂੰ ਇਸ ਬੋਲ ਕਬੋਲ ਦੇ ਜੰਗ ਮੈਦਾਨ ਵਿੱਚ ਉਤਰਨਾ ਪਿਆ। ਫਿਰ ਜਿਸ ਤਰਾਂ ਰੌਸ਼ਨ ਜ਼ੁਬਾਨ ਮਰਦ ਨੇ ਖੂਹ ਵਿੱਚ ਅਵਾਜ਼ ਦਿੱਤੀ ਮਹਿਲਾ ਅਹੁੱਦੇਦਾਰ ਨੇ ਸੂਦ ਸਮੇਤ ਉਸੇ ਹੀ ਭਾਸ਼ਾ ਵਿੱਚ ਜਵਾਬ ਦਿੱਤਾ। ਜਦੋਂ ਮੌਜੂਦ ਕੁਝ ਮਰਦ ਅਹੁੱਦੇਦਾਰਾਂ ਨੇ ਮਹੌਲ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬੇਸ਼ਰਮ ਰੌਸ਼ਨ ਜ਼ੁਬਾਨ ਮਰਦ ਅਰਾਮ ਨਾਲ ਬੈਠ ਕੇ ਥਾਲੀ ਵਿੱਚ ਖਾਣਾ ਖਾਣ ਲੱਗ ਪਿਆ। ਰੌਸ਼ਨ ਜ਼ੁਬਾਨ ਮਰਦ ਬਾਰ-ਬਾਰ ਇਹ ਦੋਹਰਾ ਰਿਹਾ ਸੀ ਕਿ, "ਮਹਿਲਾ ਅਹੁੱਦੇਦਾਰ ਪਾਰਟੀ ਦਾ ਕੰਮ ਮੇਰੀ ਮਰਜ਼ੀ ਤੋਂ ਬਿਨਾਂ ਪੁੱਛੇ ਕਿਵੇਂ ਕਰ ਸਕਦੀ ਹੈ?" ਰੌਸ਼ਨ ਜ਼ੁਬਾਨ ਮਰਦ ਖਾਣਾ ਖਾ ਕੇ ਅਤੇ ਮਹਿਲਾ ਅਹੁੱਦੇਦਾਰ ਨੂੰ ਗਾਲਾਂ ਕੱਢ ਕੇ ਉੱਥੋਂ ਚਲਾ ਗਿਆ। ਪਾਰਟੀ ਦਫਤਰ ਵਿੱਚ ਮਹਿਲਾ ਅਹੁੱਦੇਦਾਰ ਨਾਲ ਹੋਈ ਇਸ ਬਦਸਲੂਕੀ ਲਈ ਮੌਜੂਦ ਸਭ ਮਰਦ ਮੈਂਬਰਾਂ ਨੇ ਪੁਰਜ਼ੋਰ ਨਖੇਧੀ ਕੀਤੀ ਅਤੇ ਇਸ ਰੌਸ਼ਨ ਜ਼ੁਬਾਨ ਮਰਦ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਦੇਖਦੇ-ਦੇਖਦੇ ਪਾਰਟੀ ਦੇ ਸਾਰੇ ਸਿਨਿਅਰ ਲੀਡਰਾਂ ਤੱਕ ਇਸ ਘਟਨਾ ਦੀ ਖਬਰ ਪਹੁੰਚ ਗਈ। ਮਹੌਲ ਸ਼ਾਂਤ ਹੋ ਗਿਆ। ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਦਾ ਉਸ ਮਹਿਲਾ ਅਹੁੱਦੇਦਾਰ ਨੂੰ ਫੋਨ ਆਇਆ ਇਹ ਦੱਸਣ ਲਈ ਕਿ ਉਸਨੂੰ ਪਤਾ ਲੱਗਾ ਕਿ ਦਫਤਰ ਵਿੱਚ ਕੋਈ ਘਟਨਾ ਘਟੀ ਹੈ। ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਸਟੇਜਾਂ ਉੱਤੇ ਗਰਜ-ਗਰਜ ਕੇ ਆਪਣੇ ਭਾਸ਼ਨਾ ਰਾਹੀਂ ਜਨਤਾ ਸਾਹਮਣੇ ਖੁਦ ਨੂੰ ਹਮੇਸ਼ਾਂ ਇੱਕ ਮਜਬੂਤ ਔਰਤ ਵਜੋਂ ਪੇਸ਼ ਕਰਦੀ ਹੈ, ਪਰ ਉਹ ਕਿੰਨੀ ਕਮਜ਼ੋਰ ਹੈ ਉਹ ਉਸਨੇ ਖੁਦ ਸਾਬਤ ਕਰ ਦਿੱਤਾ ਜਦੋਂ ਉਹ ਆਪਣੇ ਮਹਿਲਾ ਵਿੰਗ ਦੀ ਮੈਂਬਰ ਦੇ ਹੱਕ ਵਿੱਚ ਨਾ ਖੜ ਸਕੀ ਅਤੇ ਪਾਰਟੀ ਦਫਤਰ ਵਿੱਚ ਹੋਏ ਇਸ ਘਟਨਾਕ੍ਰਮ ਲਈ ਦੋਸ਼ੀ ਖਿਲਾਫ ਕੋਈ ਵੀ ਕਾਰਵਾਈ ਨਾ ਕਰ ਸਕੀ। ਇਸ ਘਟਨਾ ਕ੍ਰਮ ਨੂੰ ਲੈ ਕੇ ਪਾਰਟੀ ਵਿੱਚ ਉਥਲ-ਪੁਥਲ ਮੱਚ ਗਈ। ਫਿਰ ਸ਼ਤਰੰਜ ਦੀ ਬਿਸਾਤ ਬਿਛੀ। ਸਤਰੰਜ ਦੇ ਸਭ ਕਿਰਦਾਰ ਹਰਕਤ ਵਿੱਚ ਆਏ। ਕੁਝ ਕਿਰਦਾਰ ਮਹਿਲਾ ਅਹੁੱਦੇਦਾਰ ਦੇ ਹੱਕ ਵਿੱਚ ਨਿੱਤਰੇ ਕੁਝ ਕੁ ਰੌਸ਼ਨ ਜ਼ੁਬਾਨ ਮਰਦ ਦੇ ਹੱਕ ਵਿੱਚ। ਸ਼ਤਰੰਜ ਦੀ ਬਿਸਾਤ ਦੇ ਕੁਝ ਸਿਪਾਹੀਆਂ ਨੇ ਮਹਿਲਾ ਅਹੁੱਦੇਦਾਰ ਨੂੰ ਫੋਨ ਕਰਕੇ ਇਸ ਘਟਨਾ ਦੀ ਨਿੰਦਾ ਕੀਤੀ। ਸ਼ਤਰੰਜ ਦੀ ਬਿਸਾਤ ਦੇ ਵਜੀਰ ਰੌਸ਼ਨ ਜ਼ੁਬਾਨ ਮਰਦ ਨੂੰ ਨਿਸ਼ਾਨਾ ਬਨਾਉਣ ਲਈ ਮਹਿਲਾ ਅਹੁੱਦੇਦਾਰ ਦੇ ਮੋਢੇ ਉੱਤੇ ਬੰਦੂਕ ਰੱਖ ਕੇ ਰੌਸ਼ਨ ਜ਼ੁਬਾਨ ਮਰਦ ਉੱਤੇ ਵਾਰ ਕਰਨਾ ਚਾਹੁੰਦੇ ਸਨ ਪਰ ਮਹਿਲਾ ਅਹੁੱਦੇਦਾਰ ਨੇ ਵਜੀਰਾਂ ਨੂੰ ਆਪਣਾ ਮੋਢਾ ਵਰਤਣ ਨਹੀਂ ਦਿੱਤਾ। ਘੋੜੇ ਨੇ ਆਪਣੇ ਢਾਈ ਕਦਮ ਚੱਲ ਕੇ ਮਹਿਲਾ ਅਹੁੱਦੇਦਾਰ ਨੂੰ ਸ਼ਰੇਆਮ ਆਪਣਾ ਸਮਰਥਣ ਦਿੱਤਾ। ਹਾਥੀਆਂ ਨੇ ਮਹਿਲਾ ਅਹੁੱਦੇਦਾਰ ਨੂੰ ਆਸ਼ਵਾਸਨ ਦਿੱਤਾ ਕਿ ਉਹ ਰੌਸ਼ਨ ਜ਼ੁਬਾਨ ਮਰਦ ਦੇ ਖਿਲਾਫ ਆਪਣੀ ਲੰਬੀ ਮਾਰ ਲਈ ਰਾਣੀ ਅਤੇ ਰਾਜੇ ਦੇ ਫੈਂਸਲੇ ਦੀ ਉਡੀਕ ਕਰਨਗੇ। ਰਾਜੇ ਨੇ ਚਾਰੋ ਦਿਸ਼ਾ ਵਿੱਚ ਇੱਕ-ਇੱਕ ਕਦਮ ਉੱਪਰ ਮਹਿਲਾ ਅਹੁੱਦੇਦਾਰ ਨਾਲ ਵਾਪਰੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਸ਼ਤਰੰਜ ਦੀ ਬਿਸਾਤ ਦੇ ਆਖਰੀ ਕਿਰਦਾਰ ਰਾਣੀ ਉੱਪਰ ਸਭ ਦੀਆਂ ਨਜ਼ਰਾਂ ਟਿੱਕੀਆਂ, ਪਰ ਪਾਰਟੀ ਦੇ ਦਫਤਰ ਵਿੱਚ ਹੋਏ ਇਸ ਘਟਨਾ ਦੇ ਪ੍ਰਤਿ ਰਾਣੀ ਵੱਲੋਂ ਕੋਈ ਪ੍ਰਤਿਕਰਮ ਨਹੀਂ ਆਇਆ। ਸਭ ਹੈਰਾਨ! ਘੋਖ ਹੋਣੀ ਲਾਜ਼ਮੀ ਸੀ। ਨਤੀਜਾ ਨਿਕਲ ਕੇ ਇਹ ਆਇਆ ਕਿ ਰੌਸ਼ਨ ਜ਼ੁਬਾਨ ਮਰਦ ਸ਼ਤਰੰਜ ਦੀ ਬਿਸਾਤ ਦੇ ਆਖਰੀ ਕਿਰਦਾਰ ਰਾਣੀ ਦਾ ਪਾਲਤੂ ਹੈ। ਰਾਣੀ ਹਮੇਸ਼ਾਂ ਅਤੇ ਹਰ ਵਾਰ ਆਪਣੇ ਇਸ ਪਾਲਤੂ ਰੌਸ਼ਨ ਜ਼ੁਬਾਨ ਮਰਦ ਨੂੰ ਚੁੱਪਚਾਪ ਵਰਤਦੀ ਹੈ ਹਰ ਉਸ ਖਿਲਾਫ ਜੋ ਰਾਜਾ ਦਾ ਪਸੰਦੀਦਾ ਹੈ। ਰਾਣੀ ਨੂੰ ਰਾਜ-ਪਾਟ ਦੀ ਭੁੱਖ ਇਸ ਕਦਰ ਹੈ ਕਿ ਉਹ ਆਪਣੇ ਪਾਲਤੂ ਰਾਹੀਂ ਜਲਦ ਤੋਂ ਜਲਦ ਰਾਜ ਸਿੰਘਾਸਨ ਤੇ ਬੈਠਣਾ ਚਾਹੁੰਦੀ ਹੈ। ਇਸ ਲਈ ਉਹ ਆਪਣੇ ਪਾਲਤੂਆਂ ਰਾਹੀਂ ਰਾਜਾ ਦੇ ਖਿਲਾਫ ਬਗਾਵਤ ਦੇ ਬੀਜ ਬੋਆ ਰਹੀ ਹੈ। ਰਾਣੀ ਦੇ ਦਿਮਾਗ ਵਿੱਚ ਸ਼ਾਇਦ ਇਹ ਗੱਲ ਨਹੀਂ ਆ ਰਹੀ ਕਿ ਪਾਲਤੂ ਨੂੰ ਜਦੋਂ ਹਲਕ ਪੈ ਜਾਵੇ ਤਾਂ ਉਹ ਆਪਣੇ ਮਾਲਕ ਨੂੰ ਵੀ ਆਪਣੇ ਹਲਕ ਦਾ ਸ਼ਿਕਾਰ ਬਨਾਉਣ ਤੋਂ ਗੁਰੇਜ਼ ਨਹੀਂ ਕਰਦਾ। ਪਰ ਰਾਣੀ ਦੀ ਖਿਲਾਫਤ ਦਬੀ ਜ਼ੁਬਾਨ ਵਿੱਚ ਵਜ਼ੀਰ, ਹਾਥੀ, ਘੋੜੇ ਅਤੇ ਸਿਪਾਹੀ ਕਰ ਰਹੇ ਹਨ। ਰਾਣੀ ਦੀਆਂ ਅਤੇ ਉਸਦੇ ਪਾਲਤੂਆਂ ਦੀਆਂ ਚਾਲਾਂ ਦਾ ਸ਼ਿਕਾਰ ਕੌਣ-ਕੌਣ ਅਤੇ ਕਿਸ ਤਰਾਂ ਬਣ ਰਿਹਾ ਹੈ ਇਹ ਸ਼ਤਰੰਜ ਦੀ ਬਿਸਾਤ ਦੇ ਹਰ ਕਿਰਦਾਰ ਨੂੰ ਬਾਖੂਬੀ ਸਮਝ ਆ ਰਿਹਾ ਹੈ। ਇੰਜ ਕਹਿ ਲਉ ਜਵਾਲਾਮੁਖੀ ਭੱਖ ਰਹੀ ਹੈ ਅਤੇ ਜਦੋਂ ਵੀ ਇਹ ਜਵਾਲਾਮੁਖੀ ਫਟੀ ਸਭ ਕੁਝ ਰਾਖ ਕਰ ਦੇਵੇਗੀ। ਰਾਣੀ ਵੱਲੋਂ ਅਤੇ ਉਸਦੇ ਪਾਲਤੂ ਵੀ ਇਸ ਜਵਾਲਾਮੁਖੀ ਦੀ ਲਪੇਟ ਵਿੱਚ ਜਰੂਰ ਆਉਣਗੇ। ਫਿਰ ਵਿਛੇਗੀ ਸਿਆਸਤ ਦੀ ਬਿਸਾਤ ਜਿਸ ਉੱਤੇ ਕਾਬਜ ਹੋਵੇਗਾ ਰਾਜਕੁਮਾਰ। ਸ਼ਤਰੰਜ ਵਿੱਚ ਬੇਸ਼ੱਕ ਰਾਜਕੁਮਾਰ ਦਾ ਕਿਰਦਾਰ ਨਹੀਂ ਹੁੰਦਾ ਪਰ ਰਾਣੀ ਅਤੇ ਉਸਦੇ ਪਾਲਤੂ ਭੁੱਲ ਗਏ ਹਨ ਕਿ ਰਾਣੀ ਕਦੇ ਵੀ ਰਾਜਾ ਨਹੀਂ ਬਣ ਸਕਦੀ। ਰਾਜਾ ਹਮੇਸ਼ਾਂ ਹੀ ਰਿਆਸਤ ਦਾ ਰਾਜਕੁਮਾਰ ਹੀ ਬਣਦਾ ਹੈ। ਰਾਜਕੁਮਾਰ ਸ਼ਤਰੰਜ ਦੀ ਬਿਸਾਤ ਦੇ ਹਰ ਕਿਰਦਾਰ ਤੋਂ ਭਲੀਭਾਂਤ ਵਾਕਿਫ ਇਸ ਸਮੇਂ ਇੱਕ ਪਾਸੇ ਬੈਠ ਕੇ ਆਪਣੇ ਰਾਜ ਤਿਲਕ ਹੋਣ ਦੀ ਉਡੀਕ ਕਰ ਰਿਹਾ ਹੈ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਸਿਆਸਤ ਦੀਆਂ ਸਟੇਜਾਂ ਉੱਤੇ ਔਰਤਾਂ ਦੇ ਮਾਨ ਸਨਮਾਨ ਦੀਆਂ ਗੱਲਾਂ ਕਰਨ ਵਾਲੇ ਲੀਡਰ, ਔਰਤਾਂ ਨੂੰ ਆਪਣੀਆਂ ਸਟੇਜਾਂ ਤੋਂ ਸਨਮਾਨਿਤ ਕਰਨ ਵਾਲੇ ਲੀਡਰ ਆਪਣੀ ਹੀ ਪਾਰਟੀ ਦੀ ਮਹਿਲਾ ਅਹੁੱਦੇਦਾਰ ਨੂੰ ਗਾਲਾਂ ਕੱਢੇ ਜਾਣ ਤੇ ਚੁੱਪ ਕਿਉਂ ਹਨ? ਦੋਸ਼ੀ ਨੂੰ ਸਜ਼ਾ ਕਿਉਂ ਨਹੀਂ ਦਿੱਤੀ ਗਈ? ਕਿ ਹੁਣ ਅਖੌਤੀ ਪੰਥਕ ਲੀਡਰਾਂ ਦੀਆਂ ਰੌਸ਼ਨ ਜ਼ੁਬਾਨਾਂ ਸਿਆਸਤ ਨੂੰ ਵਰਤ ਰਹੇ ਹਨ ਔਰਤਾਂ ਦੀ ਕਿਰਦਾਰਕੁਸ਼ੀ ਕਰਣ ਲਈ ਅਤੇ ਗਾਲਾਂ ਕੱਢਣ ਲਈ? ਅਖੌਤੀ ਰੌਸ਼ਨ ਦਿਮਾਗ ਲੀਡਰਾਂ ਦਾ ਖਾਤਮਾ ਕਰਨਾ ਇੱਕ ਸਹੀ ਫੈਂਸਲਾ ਸੀ ਅਤੇ ਰੌਸ਼ਨ ਜ਼ੁਬਾਨ ਲੀਡਰਾਂ ਦਾ ਸਫਾਇਆ ਕਰਨਾ ਵੀ ਅੱਜ ਦੇ ਸਮੇਂ ਦੀ ਮੰਗ ਹੈ। ਸਾਰਾ ਮੁੱਦਾ ਇਹ ਕਹਾਣੀ ਲਿਖਣ ਤੱਕ ਪਾਰਟੀ ਵਿੱਚ ਵਿਚਾਰਅਧੀਨ ਹੈ। ਕਿਸੇ ਵੀ ਤਰਾਂ ਦਾ ਕੋਈ ਫੈਂਸਲਾ ਪਾਰਟੀ ਵੱਲੋਂ ਨਹੀਂ ਲਿਆ ਗਿਆ। ਜਿਸ ਨਾਲ ਪਾਰਟੀ ਵਿੱਚ ਖੁਸਰ-ਫੁਸਰ ਚੱਲ ਰਹੀ ਹੈ। ਪਾਰਟੀ ਦੀ ਪਿਛਲੇ ਸਾਲਾਂ ਵਿੱਚ ਛਵੀ ਕਿਵੇਂ ਦੀ ਰਹੀ ਅਤੇ ਆਉਣ ਵਾਲੇ ਸਾਲਾਂ ਵਿੱਚ ਕਿਵੇਂ ਦੀ ਹੋਵੇਗੀ ਪਾਰਟੀ ਵੱਲੋਂ ਲਏ ਗਏ ਫੈਂਸਲਿਆਂ ਉੱਪਰ ਹੀ ਨਿਰਭਰ ਸੀ ਅਤੇ ਅੱਗੇ ਵੀ ਨਿਰਭਰ ਹੋਵੇਗੀ।

**ਰਸ਼ਿਪੰਦਰ ਕੌਰ ਗਿੱਲ, ਸੰਸਥਾਪਕ ਅਤੇ ਪ੍ਰਧਾਨ**
**ਪੀਂਘਾਂ ਸੋਚ ਦੀਆਂ ਸਾਹਿਤ ਮੰਚ**, +91-9888697078

# ਦਿੱਲੀ ਗੁਰਦੁਆਰਾ ਕਮੇਟੀ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ 25 ਦਸੰਬਰ ਨੂੰ ਨਗਰ ਕੀਰਤਨ, ਗੁਰਪੁਰਬ 27 ਨੂੰ ਮਨਾਇਆ ਜਾਵੇਗਾ




**ਨਵੀਂ ਦਿੱਲੀ, 23 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਰਬੰਸ ਦਾਨੀ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਪੁਰਬ 27 ਦਸੰਬਰ ਨੂੰ ਮਨਾਇਆ ਜਾਵੇਗਾ। ਇਹ ਜਾਣਕਾਰੀ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦਿੱਤੀ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਨਗਰ ਕੀਰਤਨ 25 ਦਸੰਬਰ ਨੂੰ ਸਜਾਇਆ ਜਾਵੇਗਾ ਜੋ ਗੁਰਦੁਆਰਾ ਰਕਾਬਗੰਜ ਸਾਹਿਬ ਤੋਂ ਸਵੇਰੇ 10.00 ਵਜੇ ਆਰੰਭ ਹੋ ਕੇ ਦਿੱਲੀ ਦੇ ਵੱਖ-ਵੱਖ ਇਲਾਕਿਆਂ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਲ ਬਲਾਕ ਆਨੰਦ ਵਿਹਾਰ ਹਰੀ ਨਗਰ ਜਾ ਕੇ ਸੰਪੰਨ ਹੋਵੇਗਾ। ਉਹਨਾਂ ਦੱਸਿਆ ਕਿ 27 ਦਸੰਬਰ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਹੀ ਦੀਵਾਨ ਸਜਾਏ ਜਾਣਗੇ। ਉਹਨਾਂ ਦੱਸਿਆ ਕਿ ਇਸ ਸਬੰਧ ਵਿਚ ਤਿਆਰੀਆਂ ਵਿਆਪਕ ਪੱਧਰ 'ਤੇ ਆਰੰਭ ਹੋ ਗਈਆ ਹਨ ਤੇ ਵੱਡੀ ਗਿਣਤੀ ਵਿਚ ਸੰਗਤ ਇਹਨਾਂ ਸਮਾਗਮਾਂ ਵਿਚ ਹਾਜ਼ਰੀ ਭਰੇਗੀ। ਉਹਨਾਂ ਦੱਸਿਆ ਕਿ ਇਸ ਮਾਮਲੇ ਵਿਚ ਸੰਗਤਾਂ ਵਿਚ ਕੁਝ ਦੁਬਿਧਾ ਬਣੀ ਹੋਈ ਸੀ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਹੋਇਆ ਹੈ ਕਿ ਸੰਗਤਾਂ ਆਪਣੇ ਹਿਸਾਬ ਨਾਲ ਗੁਰਪੁਰਬ ਮਨਾ ਸਕਦੀਆਂ ਹਨ ਜਿਸਨੂੰ ਵੇਖਦਿਆਂ ਦਿੱਲੀ ਗੁਰਦੁਆਰਾ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਗੁਰਪੁਰਬ 27 ਦਸੰਬਰ ਨੂੰ ਹੀ ਮਨਾਇਆ ਜਾਵੇਗਾ। ਉਹਨਾਂ ਦੱਸਿਆ ਕਿ 26 ਦਸੰਬਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਜੋੜ ਮੇਲ ਗੁਰਦੁਆਰਾ ਸਾਹਿਬ ਮਾਤਾ ਸੁੰਦਰੀ ਵਿਖੇ ਹੋਵੇਗਾ ਜਿਸ ਦੌਰਾਨ ਦੀਵਾਨ ਸਜਾਏ ਜਾਣਗੇ ਤੇ ਗੁਰੂ ਕੀ ਇਲਾਹੀ ਬਾਣੀ ਦਾ ਕੀਰਤਨ ਹੋਵੇਗਾ ਜਿਸ ਵਿਚ ਵੱਖ-ਵੱਖ ਰਾਗੀ ਸਿੰਘਾਂ ਦੇ ਜੱਥੇ ਕੀਰਤਨ ਕਰਨਗੇ ਤੇ ਗੁਰੂ ਕੀ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

# ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਾਈਕਵਾਡੋਂ ਖੇਡਾਂ



**ਨਵੀਂ ਦਿੱਲੀ 23 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:-13 ਆਸਾ ਵੈਲਫੇਅਰ ਟਰੱਸਟ ਸੰਤ ਬਾਬਾ ਪੁਪਿੰਦਰ ਸਿੰਘ ਜੀ ਯੂ.ਕੇ. ਵਲੋਂ ਬੱਚਿਆਂ ਦਾ ਤਾਈਕਵਾਡੋਂ ਖੇਡਾਂ ਦਾ ਡੈਮੋ ਸੈਸ਼ਨ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਵੱਖ ਵੱਖ ਉਮਰ ਦੇ ਬੱਚਿਆਂ ਨੇ "ਤਾਈਕਵਾਂਡੋ" ਮਾਰਸ਼ਲ ਆਰਟ ਨੂੰ ਬੜੇ ਹੀ ਸੋਹਣੇ ਢੰਗ ਨਾਲ ਪੇਸ਼ ਕੀਤਾ। ਪ੍ਰਬੰਧਕਾਂ ਵਲੋਂ ਕਰਵਾਏ ਗਏ ਪ੍ਰੋਗਰਾਮ ਵਿੱਚ 13 ਆਸਾ ਵੈਲਫੇਅਰ ਟਰਸਟ ਦੇ ਪ੍ਰਧਾਨ ਇੰਦਰਜੀਤ ਸਿੰਘ ਵਿਕਾਸਪੁਰੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਉਨ੍ਹਾਂ ਦੇ ਨਾਲ ਰਾਜਿੰਦਰ ਸਿੰਘ ਸ਼ਾਨ ਨੇ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਦੋਨਾਂ ਮਹਿਮਾਨਾਂ ਨੇ 13 ਆਸਾ ਵੈਲਫੇਅਰ ਟਰੱਸਟ ਦੇ ਬਣੇ ਮੈਡਲ ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਤਾ ਗਿਆ ਸੀ, ਬੱਚਿਆਂ ਦੀ ਹੌਂਸਲਾ ਅਫ਼ਜਾਈ ਲਈ ਸਨਮਾਨ ਵਜੋਂ ਦਿੱਤੇ ਗਏ। ਇਸ ਮੌਕੇ ਇੰਦਰਜੀਤ ਸਿੰਘ ਵਿਕਾਸਪੁਰੀ ਨੇ ਕਿਹਾ ਕਿ ਮੌਜੂਦਾ ਸਮੇਂ ਵਿਚ ਬੱਚਿਆਂ ਦਾ ਰੁਝਾਨ ਮੋਬਾਈਲ ਫੋਨਾਂ ਵਿੱਚ ਜ਼ਿਆਦਾ ਹੈ ਅਤੇ ਖੇਡਾਂ ਤੇ ਸਰੀਰਕ ਤੰਦਰੁਸਤੀ ਵਲ ਘੱਟ ਜਿਸ ਨੂੰ ਦੇਖਦਿਆਂ ਇਹ ਸਮਾਰੋਹ ਆਯੋਜਕ ਹਰਿੰਦਰ ਸਿੰਘ ਹੈਰੀ, ਕੋਚ ਦੀਪਕ ਵਰਮਾ ਇੰਟਰਨੈਸ਼ਨਲ ਅਤੇ ਜਸਬੀਰ ਸਿੰਘ ਸੀਨੀਅਰ ਕੋਚ ਦੀ ਕੋਚਿੰਗ ਦੇ ਚਲਦਿਆਂ ਮੁਮਕਿਨ ਹੋ ਸਕਿਆ। ਇੰਦਰਜੀਤ ਸਿੰਘ ਨੇ ਬੱਚਿਆਂ ਨੂੰ ਤਾਈਕਵਾਡੋਂ ਸਿੱਖਣ ਲਈ ਮਾਂ ਪਿਓ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਦਾ ਰੁਝਾਨ ਮੋਬਾਈਲ ਫੋਨ ਤੋਂ ਹਟਾਉਣ ਲਈ ਮਾਂ ਪਿਓ ਦਾ ਅਗੇ ਆਉਣਾ ਜ਼ਰੂਰੀ ਹੈ ਤਾਂ ਹੀ ਬੱਚੇ ਖੇਡਾਂ ਵਿਚ ਦਿਲਚਸਪੀ ਰੱਖਣਗੇ ਅਤੇ ਤੰਦਰੁਸਤ ਰਹਿਣਗੇ। ਰਾਜਿੰਦਰ ਸਿੰਘ ਸ਼ਾਨ ਨੇ ਹਰਮਿੰਦਰ ਸਿੰਘ ਰੈਰੀ ਦੀ ਇਸ ਸਮਾਰੋਹ ਦੇ ਆਯੋਜਨ ਲਈ ਕੀਤੇ ਗਏ ਪਹਿਲ ਦੀ ਪ੍ਰਸ਼ੰਸਾ ਕੀਤੀ ਅਤੇ ਬੱਚਿਆਂ ਵਲੋਂ ਕੀ ਤੇ ਗਏ ਤਾਈਕਵਾਡੋਂ ਖੇਡ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਬੱਚਿਆਂ ਦੇ ਸ਼ਰੀਰਕ ਵਿਕਾਸ ਲਈ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਚ ਦਿਲਚਸਪੀ ਰੱਖਣ ਦੀ ਗੱਲ ਕੀਤੀ ਅਤੇ ਕਿਹਾ ਕਿ ਬੱਚਿਆਂ ਦਾ ਤੰਦਰੁਸਤ ਰਹਿਣਾ ਚਾਹੀਦਾ ਹੈ ਨਾਂ ਕਿ ਮੋਟੇ ਮੋਟੇ ਚਸ਼ਮੇ ਲਗਣੇ ਚਾਹੀਦੇ ਹਨ ਮੋਬਾਇਲ ਦੇਖ ਕੇ। ਇਹ ਆਯੋਜਨ ਐਚ.ਐਸ ਫੈਸ਼ਨ ਸਟੂਡੀਓ ਪਟੇਲ ਨਗਰ, ਨਵੀਂ ਦਿੱਲੀ ਵਿਖੇ ਕਰਵਾਇਆ ਗਿਆ ਸੀ।

**ਸਫ਼ਰ -ਏ- ਸਹਾਦਤ ਹਫਤੇ ਨੂੰ ਮੁੱਖ ਰੱਖਦਿਆਂ ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿੱਚ**

# ਧਾਰਮਿਕ ਸਮਾਗਮ ਕਰਵਾਇਆ









**ਬਰਨਾਲਾ, (ਵਰਿਆਮ ਹਠੂਰ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ (ਬਰਨਾਲਾ) ਵਿਖੇ ਸਫ਼ਰ -ਏ- ਸਹਾਦਤ ਹਫਤੇ ਨੂੰ ਮੁੱਖ ਰੱਖਦਿਆਂ ਸਕੂਲ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ, ਗੁਰਦੁਆਰਾ ਚੰਦੂਆਣਾ ਸਾਹਿਬ (ਨਰੈਣਗੜ੍ਹ ਸੋਹੀਆਂ) ਤੋਂ ਆਏ ਨੇਤਰਹੀਣ ਕੀਰਤਨੀ ਜੱਥੇ ਨੇ ਸ਼ਬਦ ਕੀਰਤਨ ਰਾਹੀਂ ਆਪਣੀ ਹਾਜ਼ਰੀ ਭਰੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿਲਾ ਛੋੜ ਦਿਵਸ ਤੋਂ ਲੈ ਕੇ ਪਰਿਵਾਰ ਵਿਛੋੜੇ, ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਸਫ਼ਰ -ਏ- ਸਹਾਦਤ ਹਫਤੇ ਬਾਰੇ ਬੱਚਿਆਂ ਨੂੰ ਵਿਸਥਾਰ ਪੂਰਵਕ ਚਾਨਣਾ ਪਾਇਆ, ਤੇ ਵੈਰਾਗਮਈ ਕੀਰਤਨ ਰਾਹੀਂ ਸਭ ਦਾ ਦਿਲ ਮੋਹ ਲਿਆ, ਸਕੂਲ ਦੀਆਂ ਵੱਖ ਵੱਖ ਕਲਾਸਾਂ ਦੇ ਬੱਚਿਆਂ ਨੇ ਧਾਰਮਿਕ ਸ਼ਬਦ, ਅਤੇ ਕਵੀਸ਼ਰੀਆਂ ਦੀ ਪੇਸ਼ਕਾਰੀ ਕੀਤੀ, ਇਸ ਮੌਕੇ ਸਮੂਹ ਸਕੂਲ ਸਟਾਫ ਨੇ ਵੱਖ ਵੱਖ ਕਲਾਸਾਂ ਦੇ ਕੇਸਾਧਾਰੀ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ, ਪ੍ਰੈਸ ਨਾਲ ਗੱਲਬਾਤ ਕਰਦਿਆਂ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਕਿਹਾ ਕਿ ਇੰਨ੍ਹਾਂ ਦਿਨਾਂ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਪਰਿਵਾਰ ਵਿੱਛੜਿਆ, ਤੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਹੋਈ, ਇਸ ਵੈਰਾਗਮਈ ਹਫਤੇ ਵਿੱਚ ਜਿੱਥੇ ਗੁਰੂ ਘਰਾਂ ਵਿੱਚ ਧਾਰਮਿਕ ਸਮਾਗਮ ਚੱਲ ਰਹੇ ਹਨ। ਉੱਥੇ ਗੁਰਸੰਗਤਾਂ ਸਫ਼ਰ -ਏ-ਸਹਾਦਤ ਦੇ ਉਨ੍ਹਾਂ ਵੈਰਾਗਮਈ ਪਲਾਂ ਨੂੰ ਚੇਤੇ ਕਰਕੇ ਘਰਾਂ ਵਿੱਚ ਵੀ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਹਨ। ਸਾਡੇ ਸਕੂਲ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਫ਼ਰ -ਏ-ਸਹਾਦਤ ਹਫਤੇ ਨੂੰ ਮੁੱਖ ਰੱਖਦਿਆਂ ਧਾਰਮਿਕ ਸਮਾਗਮ ਕਰਵਾਇਆ ਗਿਆ ਹੈ। ਕੀਰਤਨੀ ਜੱਥੇ ਨੇ ਬੱਚਿਆਂ ਨੂੰ ਸਿੱਖ ਕੌਮ ਦੇ ਮਹਾਨ ਵਿਰਸੇ ਤੋਂ ਜਾਣੂੰ ਕਰਵਾਇਆ, ਤੇ ਸਫ਼ਰ -ਏ-ਸਹਾਦਤ ਹਫਤੇ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ, ਸਾਡੀ ਹਮੇਸ਼ਾ ਇਹੋ ਕੋਸ਼ਿਸ਼ ਰਹਿੰਦੀ ਹੈ ਕਿ ਬੱਚਿਆਂ ਨੂੰ ਜਿੱਥੇ ਚੰਗੀ ਵਿੱਦਿਆ ਹਾਸਲ ਕਰਵਾਈ ਜਾਵੇ, ਉੱਥੇ ਸਿੱਖ ਇਤਿਹਾਸ ਬਾਰੇ ਵੀ ਬੱਚਿਆਂ ਨੂੰ ਜਾਣੂੰ ਕਰਵਾਈਏ, ਤੇ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਖੇਡਾਂ ਨਾਲ ਵੀ ਜੋੜੀਏ, ਇਸ ਮੌਕੇ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ,ਕੁਲਜੀਤ ਸਿੰਘ ਦੀਵਾਨਾ , ਮੈਡਮ ਗੁਰਪ੍ਰੀਤ ਕੌਰ, ਰਮਨਜੀਤ ਕੌਰ, ਅਮਨਦੀਪ ਕੌਰ, ਸੁਖਮੀਤ ਕੌਰ, ਹਰਪ੍ਰੀਤ ਕੌਰ, ਪਵਨਜੀਤ ਕੌਰ, ਪ੍ਰਦੀਪ ਕੌਰ, ਮਨਦੀਪ ਕੌਰ, ਅਮਨਜੋਤ ਕੌਰ, ਲਛਮਣੀ, ਕਮਲਜੀਤ ਕੌਰ, ਪ੍ਰਭਜੋਤ ਕੌਰ, ਨਵਜੋਤ ਕੌਰ, ਲਵਪ੍ਰੀਤ ਕੌਰ, ਨਵਜੋਤ ਕੌਰ ਸਮੇਤ ਵਰਕਰ ਅਤੇ ਸਕੂਲ ਦੇ ਬੱਚੇ ਹਾਜ਼ਰ ਸਨ।

## ਕੇਸਾਧਾਰੀ ਬੱਚਿਆਂ ਨੂੰ ਕੀਤਾ ਵਿਸ਼ੇਸ਼ ਤੌਰ ਤੇ ਸਨਮਾਨਿਤ

## ਤਖ਼ਤ ਪਟਨਾ ਸਾਹਿਬ ਕਮੇਟੀ ਵੱਲੋਂ ਦਸਮ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਤਿਆਰੀਆਂ ਮੁਕੰਮਲ, 25 ਤੋਂ 27 ਦਸੰਬਰ ਤੱਕ ਸਜਣਗੇ ਵਿਸ਼ੇਸ਼ ਦੀਵਾਨ





**ਨਵੀਂ ਦਿੱਲੀ, 23 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਬਿਹਾਰ ਸਰਕਾਰ ਅਤੇ ਸੰਗਤ ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 359ਵਾਂ ਪ੍ਰਕਾਸ਼ ਪੁਰਬ 25 ਤੋਂ 27 ਦਸੰਬਰ ਤੱਕ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਲਗਭਗ ਪੂਰੀਆਂ ਹੋ ਚੁੱਕੀਆਂ ਹਨ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਦੇ ਪਹੁੰਚਣ ਦੀ ਉਮੀਦ ਦੇ ਮੱਦੇਨਜ਼ਰ ਰਹਾਇਸ਼, ਲੰਗਰ ਆਦਿ ਦੇ ਪੱਕੇ ਪ੍ਰਬੰਧ ਕੀਤੇ ਗਏ ਹਨ। ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਅਤੇ ਮਹਾਸਚਿਵ ਸ. ਇੰਦਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤਖ਼ਤ ਪਟਨਾ ਸਾਹਿਬ ਕਮੇਟੀ ਪੁਰਾਤਨ ਮਰਯਾਦਾ ਅਨੁਸਾਰ ਪੋਹ ਸੁਦੀ ਸੱਤ ਨੂੰ ਗੁਰੂ ਮਹਾਰਾਜ ਦਾ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਵਿੱਚ ਭਾਗ ਲੈਣ ਲਈ ਦੇਸ਼-ਵਿਦੇਸ਼ ਤੋਂ ਵੀ ਸੰਗਤ ਪਹੁੰਚ ਰਹੀ ਹੈ। 15 ਤਾਰੀਖ ਤੋਂ ਪ੍ਰਭਾਤ ਫੇਰੀਆਂ ਸ਼ੁਰੂ ਹੋ ਚੁੱਕੀਆਂ ਹਨ ਅਤੇ 25 ਤਾਰੀਖ ਨੂੰ ਸਵੇਰੇ ਵੱਡੀ ਪ੍ਰਭਾਤ ਫੇਰੀ ਨਗਰ ਕੀਰਤਨ ਦੇ ਰੂਪ ਵਿੱਚ ਤਖ਼ਤ ਪਟਨਾ ਸਾਹਿਬ ਤੋਂ ਸ਼ੁਰੂ ਹੋ ਕੇ ਪਟਨਾ ਸਾਹਿਬ ਸਟੇਸ਼ਨ ਤੋਂ ਹੁੰਦੀ ਹੋਈ ਵਾਪਸ ਤਖ਼ਤ ਪਟਨਾ ਸਾਹਿਬ ਵਿੱਚ ਆ ਕੇ ਸੰਪੰਨ ਹੋਵੇਗੀ। ਸ਼ਾਮ ਨੂੰ ਕਥਾ ਦੀ ਸਮਾਪਤੀ ਤੋਂ ਬਾਅਦ ਕਵੀ ਦਰਬਾਰ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਪੰਥ ਪ੍ਰਸਿੱਧ ਕਵੀ ਸ਼ਾਮਲ ਹੋਣਗੇ। 26 ਤਾਰੀਖ ਨੂੰ ਸਵੇਰੇ ਗੁਰਦੁਆਰਾ ਗਾਈ ਘਾਟ ਵਿੱਚ ਸਮਾਗਮ ਹੋਵੇਗਾ, ਜਿਸ ਦੀ ਸਮਾਪਤੀ ਤੋਂ ਬਾਅਦ ਦੁਪਹਿਰ ਨੂੰ ਨਗਰ ਕੀਰਤਨ ਕੱਢਿਆ ਜਾਵੇਗਾ, ਜੋ ਦੇਰ ਰਾਤ ਤਖ਼ਤ ਪਟਨਾ ਸਾਹਿਬ ਵਿੱਚ ਆ ਕੇ ਸਮਾਪਤ ਹੋਵੇਗਾ। ਇਸ ਉਪਰਾਂਤ ਦੀਵਾਨ ਸਜਾਇਆ ਜਾਵੇਗਾ, ਜਿਸ ਵਿੱਚ ਪ੍ਰਸਿੱਧ ਰਾਗੀ ਜਥੇ ਪਹੁੰਚ ਕੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ। 27 ਦਸੰਬਰ ਨੂੰ ਸਵੇਰੇ ਅੰਮ੍ਰਿਤ ਵੇਲੇ ਤੋਂ ਲੈ ਕੇ ਦੇਰ ਰਾਤ ਗੁਰੂ ਸਾਹਿਬ ਦੇ ਜਨਮ ਸਮੇਂ ਤੱਕ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

ਸ. ਜਗਜੋਤ ਸਿੰਘ ਸੋਹੀ ਅਤੇ ਸ. ਇੰਦਰਜੀਤ ਸਿੰਘ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਮਨਾਉਣ ਲਈ ਬਿਹਾਰ ਸਰਕਾਰ, ਖ਼ਾਸ ਕਰਕੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਕਮੇਟੀ ਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ। ਮੁੱਖ ਮੰਤਰੀ ਖ਼ੁਦ ਸਾਰੇ ਪ੍ਰੋਗਰਾਮਾਂ ਦੀ ਨਿਗਰਾਨੀ ਕਰ ਰਹੇ ਹਨ। ਪੂਰੇ ਪ੍ਰਸ਼ਾਸਨ ਨੂੰ ਤਖ਼ਤ ਪਟਨਾ ਸਾਹਿਬ ਕਮੇਟੀ ਨੂੰ ਤਿਆਰੀਆਂ ਵਿੱਚ ਸਹਿਯੋਗ ਦੇਣ ਲਈ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ ਤਾਂ ਜੋ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਾ ਹੋਵੇ। ਸੁਰੱਖਿਆ ਦੇ ਪੱਕੇ ਪ੍ਰਬੰਧ ਕੀਤੇ ਗਏ ਹਨ, ਜਿਸ ਲਈ ਆਈ.ਜੀ. ਪੁਲਿਸ ਤੋਂ ਲੈ ਕੇ ਸਾਰੇ ਵੱਡੇ ਅਧਿਕਾਰੀਆਂ ਵੱਲੋਂ ਨਿਰੀਖਣ ਕੀਤਾ ਗਿਆ ਹੈ। ਸੀਮਾ ਸੁਰੱਖਿਆ ਬਲ ਦੇ ਜਵਾਨ ਵੀ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਤਾਇਨਾਤ ਰਹਿ ਕੇ ਵਿਵਸਥਾ ਨੂੰ ਸੁਚਾਰੂ ਬਣਾਉਣ ਵਿੱਚ ਸਹਿਯੋਗ ਕਰਨਗੇ। ਤਖ਼ਤ ਪਟਨਾ ਸਾਹਿਬ ਕਮੇਟੀ ਵੱਲੋਂ ਸੰਗਤ ਦੀ ਸਹੂਲਤ ਲਈ ਰਹਾਇਸ਼, ਲੰਗਰ ਆਦਿ ਦੇ ਪੱਕੇ ਪ੍ਰਬੰਧ ਕਾਰ ਸੇਵਾ ਸੰਪ੍ਰਦਾਇਆਂ ਦੇ ਨਾਲ ਮਿਲ ਕੇ ਕੀਤੇ ਜਾਣਗੇ। ਬਿਹਾਰ ਸਰਕਾਰ ਵੱਲੋਂ 25 ਬੱਸਾਂ ਤਖ਼ਤ ਕਮੇਟੀ ਨੂੰ ਦਿੱਤੀਆਂ ਗਈਆਂ ਹਨ, ਜੋ ਅੱਜ ਤੋਂ ਸੇਵਾ ਵਿੱਚ ਲੱਗ ਚੁੱਕੀਆਂ ਹਨ ਅਤੇ ਸੰਗਤ ਨੂੰ ਬਿਨਾਂ ਕਿਸੇ ਸ਼ੁਲਕ ਦੇ ਰੇਲਵੇ ਸਟੇਸ਼ਨ, ਹਵਾਈ ਅੱਡੇ ਤੋਂ ਲਿਆ ਕੇ ਗੁਰਦੁਆਰਾ ਰਾਜਗੀਰ, ਸ਼ੀਤਲ ਕੁੰਡ ਅਤੇ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਵਾਉਣਗੀਆਂ।

## 28 ਦਸੰਬਰ ਨੂੰ ਹੋਵੇਗੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ




**ਨਵੀਂ ਦਿੱਲੀ, 23 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੱਖ-ਵੱਖ ਪੰਥਕ ਤੇ ਧਾਰਮਿਕ ਮਾਮਲੇ ਵਿਚਾਰਨ ਲਈ 28 ਦਸੰਬਰ ਦਿਨ ਐਤਵਾਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰੇਤ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ ਨੇ ਦੱਸਿਆ ਕਿ ਸਮੇਂ-ਸਮੇਂ ਪੰਥਕ ਤੇ ਧਾਰਮਿਕ ਮਾਮਲੇ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਹੋਏ ਆਦੇਸ਼ ਅਨੁਸਾਰ 28 ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਲਈ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਭਾਈ ਜੈਤਾ ਜੀ ਦੀ ਯਾਦ ਵਿੱਚ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ

# ਸਰਕਾਰੀ ਆਈ.ਟੀ.ਆਈ. ਬਾਬਾ ਬਕਾਲਾ ਸਾਹਿਬ ਦਾ ਨਾਮ ਭਾਈ ਜੈਤਾ ਜੀ ਦੇ ਨਾਂ ਤੇ ਰੱਖਿਆ ਜਾਵੇਗਾ - ਈ.ਟੀ.ਓ.




**ਜੰਡਿਆਲਾ ਗੁਰੂ, 23 ਦਸੰਬਰ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਸਰਕਾਰ ਵਲੋਂ ਬਾਬਾ ਬਕਾਲਾ ਸਾਹਿਬ ਵਿਖੇ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦੇ ਮਨਾਏ ਗਏ ਰਾਜ ਪੱਧਰੀ ਸਮਾਗਮ ਦੇ ਮੁੱਖ ਮਹਿਮਾਨ ਸ: ਹਰਭਜਨ ਸਿੰਘ ਈ.ਟੀ.ਓ. ਕੈਬਨਿਟ ਮੰਤਰੀ ਪੰਜਾਬ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰੀ ਆਈ.ਟੀ.ਆਈ. ਬਾਬਾ ਬਕਾਲਾ ਸਾਹਿਬ ਦਾ ਨਾਮ ਭਾਈ ਜੈਤਾ ਜੀ ਦੇ ਨਾਂ ਤੇ ਰੱਖਿਆ ਜਾਵੇਗਾ ਕੈਬਨਿਟ ਮੰਤਰੀ ਸ: ਈ.ਟੀ.ਓ. ਨੇ ਸਮਾਗਮ ਵਿੱਚ ਹਾਜ਼ਰ ਵੱਡੀ ਗਿਣਤੀ ਵਿੱਚ ਆਈਆਂ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਵਲੋਂ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਦੇ ਸਮਾਰਕ ਵਿਖੇ ਵਿਧਾਨ ਸਭਾ ਦਾ ਸ਼ੈਸ਼ਨ ਹੋਇਆ ਹੈ। ਉਨਾਂ ਕਿਹਾ ਕਿ ਬੜੇ ਮਾਨ ਵਾਲੀ ਗੱਲ ਹੈ ਕਿ ਮਾਨ ਸਰਕਾਰ ਵਲੋਂ 21 ਕਰੋੜ ਰੁਪਏ ਦੀ ਲਾਗਤ ਨਾਲ ਭਾਈ ਜੈਤਾ ਜੀ ਦਾ ਸਮਾਰਕ ਉਸਾਰਿਆ ਗਿਆ ਹੈ। ਉਨਾਂ ਕਿਹਾ ਕਿ ਭਾਈ ਜੈਤਾ ਜੀ ਇਕੋ ਇਕ ਸਿੱਖ ਸਨ ਜਿਨਾਂ ਦੇ ਦੋ ਨਾਮ ਦੋ ਗੁਰੂ ਸਾਹਿਬ ਨੇ ਰੱਖੇ, ਪਹਿਲਾ ਨਾਮ ਭਾਈ ਜੈਤਾ, ਗੁਰੂ ਤੇਗ ਬਹਾਦਰ ਜੀ ਨੇ ਰੱਖਿਆ ਅਤੇ ਦੂਜਾ ਨਾਮ ਅੰਮ੍ਰਿਤ ਛਕਾਉਣ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੀਵਨ ਸਿੰਘ ਰੱਖਿਆ। ਸ: ਈ.ਟੀ.ਓ. ਨੇ ਭਾਈ ਜੈਤਾ ਜੀ ਦੇ ਜੀਵਨ ਤੇ ਰੌਸ਼ਨੀ ਪਾਉਂਦੇ ਹੋਏ ਦੱਸਿਆ ਕਿ ਸੰਨ 1675 ਈ: ਵਿੱਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਜੈਤਾ ਜੀ ਜਦੋਂ ਗੁਰੂ ਸਾਹਿਬ ਜੀ ਦਾ ਸੀਸ ਲੈ ਕੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਪਹੁੰਚੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਨੂੰ ਛਾਤੀ ਨਾਲ ਲਾ ਕੇ "ਰੰਗਰੇਟਾ ਗੁਰੂ ਕਾ ਬੇਟਾ" ਦਾ ਖਿਤਾਬ ਦਿੱਤਾ ! ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੌਜਵਾਨ ਪੀੜ੍ਹੀ ਨੂੰ ਸਹੀ ਰਸਤਾ ਦਿਖਾਉਣ ਲਈ ਗੁਰੂ ਸਾਹਿਬਾਨਾਂ ਵਲੋਂ ਕੀਤੇ ਗਏ ਕਾਰਜਾਂ ਤੋਂ ਜਾਣੂੰ ਕਰਵਾ ਰਹੀ ਹੈ ਅਤੇ ਇਸ ਲਈ ਸੂਬੇ ਭਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਅਨੇਕਾਂ ਸਮਾਗਮ ਕਰਵਾਏ ਗਏ ਹਨ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਆਪਣੇ ਗੁਰੂ ਦੀ ਕੁਰਬਾਨੀ ਤੋਂ ਜਾਣੂੰ ਹੋ ਸਕੇ। ਕੈਬਨਿਟ ਮੰਤਰੀ ਈ.ਟੀ.ਓ. ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਾਨ ਸਰਕਾਰ ਐਸ.ਸੀ. ਭਾਈਚਾਰੇ ਦੇ ਹਿੱਤਾਂ ਲਈ ਵਚਨਬੱਧ ਹੈ। ਉਨਾਂ ਕਿਹਾ ਕਿ ਮਾਨ ਸਰਕਾਰ ਨੇ ਹਾਈ ਕੋਰਟ ਵਿੱਚ ਖਾਲੀ ਪਈਆਂ 58 ਲਾਅ ਅਫ਼ਸਰਾਂ ਨੂੰ ਐਸ.ਸੀ. ਭਾਈਚਾਰੇ ਦੇ ਨੌਜਵਾਨਾਂ ਨੂੰ ਨਿਯੁੱਕਤ ਕੀਤਾ ਹੈ। ਸ: ਈ.ਟੀ.ਓ. ਨੇ ਕਿਹਾ ਕਿ ਇਹ ਪਹਿਲੀ ਸਰਕਾਰ ਹੈ ਜਿਸ ਵਿੱਚ 6 ਕੈਬਨਿਟ ਮੰਤਰੀ ਐਸ.ਸੀ. ਭਾਈਚਾਰੇ ਨਾਲ ਸਬੰਧਤ ਹਨ। ਸਮਾਗਮ ਤੋਂ ਪਹਿਲਾਂ ਸ: ਹਰਭਜਨ ਸਿੰਘ ਈ.ਟੀ.ਓ. ਕੈਬਨਿਟ ਮੰਤਰੀ ਪੰਜਾਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਵੀ ਹੋਏ। ਸਮਾਗਮ ਦੇ ਅੰਤ ਵਿੱਚ ਹਲਕਾ ਵਿਧਾਇਕ ਸ: ਦਲਬੀਰ ਸਿੰਘ ਟੌਂਗ ਵਲੋਂ ਕੈਬਨਿਟ ਮੰਤਰੀ ਸ: ਈ.ਟੀ.ਓ. ਨੂੰ ਭਾਈ ਜੈਤਾ ਜੀ ਦਾ ਚਿੱਤਰ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਹਲਕਾ ਵਿਧਾਇਕ ਬਾਬਾ ਬਕਾਲਾ ਸਾਹਿਬ ਸ: ਦਲਬੀਰ ਸਿੰਘ ਟੌਂਗ ਨੇ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਨੇ ਭਾਈ ਜੈਤਾ ਜੀ ਦਾ ਰਾਜ ਪੱਧਰੀ ਸਮਾਗਮ ਬਾਬਾ ਬਕਾਲਾ ਸਾਹਿਬ ਵਿਖੇ ਮਨਾਇਆ ਹੈ। ਉਨਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਗੁਰੂਆਂ ਨੇ ਸ਼ਹਾਦਤ ਦੇ ਕੇ ਧਰਮ ਦੀ ਰੱਖਿਆ ਕੀਤੀ ਹੈ। ਸ: ਟੌਂਗ ਨੇ ਕਿਹਾ ਕਿ ਭਾਈ ਜੈਤਾ ਜੀ ਵਰਗੀ ਸ਼ਹੀਦੀ ਇਤਿਹਾਸ ਵਿੱਚ ਕਿਤੇ ਵੀ ਨਹੀਂ ਮਿਲ ਸਕਦੀ। ਉਨਾਂ ਦੱਸਿਆ ਕਿ ਭਾਈ ਜੈਤਾ ਜੀ ਬਚਪਨ ਤੋਂ ਹੀ ਪੜ੍ਹਾਈ ਵਿੱਚ ਵੀ ਬਹੁਤ ਮਾਹਰ ਸਨ। ਉਨਾਂ ਨੇ ਫਾਰਸੀ, ਉਰਦੂ ਅਤੇ ਸੰਸਕ੍ਰਿਤ ਵਾਰਗੀਆਂ ਭਾਸ਼ਾਵਾਂ ਦੇ ਵਿਦਵਾਨ ਹੋਣ ਦੇ ਨਾਲ ਨਾਲ ਬਹੁਤ ਵਧੀਆ ਕਵੀ ਵੀ ਸਨ। ਇਸ ਉਪਰੰਤ ਵਿਧਾਇਕ ਟੌਂਗ ਨੂੰ ਵੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਚੇਅਰਮੈਨ ਐਸ.ਸੀ. ਲੈਂਡ ਕਾਰਪੋਰੇਸ਼ਨ ਸ੍ਰੀ ਰਵਿੰਦਰ ਹੰਸ, ਡਿਪਟੀ ਕਮਿਸ਼ਨਰ ਸ: ਦਲਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਮੈਡਮ ਅਮਨਦੀਪ ਕੌਰ, ਐਸ.ਡੀ.ਐਮ. ਸ: ਅਮਨਪ੍ਰੀਤ ਸਿੰਘ, ਚੇਅਰਮੈਨ ਰਾਮਗੜ੍ਹੀਆ ਵੈਲਫੇਅਰ ਸ੍ਰੀ ਸਤਪਾਲ ਸੋਖੀ, ਮੈਡਮ ਸੁਹਿੰਦਰ ਕੌਰ, ਡਾ. ਇੰਦਰਪਾਲ ਸਿੰਘ, ਸੁਖਚੈਨ ਸਿੰਘ, ਮੈਡਮ ਸੁਨੈਨਾ ਰੰਧਾਵਾ, ਕਮਾਂਡੈਂਟ ਜਸਕਰਨ ਸਿੰਘ, ਸਤਨਾਮ ਸਿੰਘ ਮਠਾਰੂ ਤੋ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਹਰਜਿੰਦਰ ਸਿੰਘ ਕਾਂਝਲਾ ਦੇ ਜਿਲ੍ਹਾ ਪ੍ਰੀਸ਼ਦ ਮੈਂਬਰ ਬਣਨ 'ਤੇ

# ਬਠਿੰਡਾ 'ਚ ਵੀ ਵੰਡੇ ਗਏ ਲੱਡੂ

**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਬਾਲੀਆਂ ਜੋਨ ਤੋਂ ਆਪ ਦੇ ਉਮੀਦਵਾਰ ਹਰਜਿੰਦਰ ਸਿੰਘ ਕਾਂਝਲਾ 6 ਹਜਾਰ ਤੋਂ ਵੱਧ ਵੋਟਾਂ ਦੀ ਵੱਡੀ ਲੀਡ ਨਾਲ ਜਿੱਤਣ ਤੇ ਮੁਬਾਰਕਵਾਦ ਦਿੰਦਿਆ ਜੀ ਐਮ ਸਿਕੰਦਰ ਖਾਨ ਅਤੇ ਗੁਰਵਿੰਦਰ ਸਿੰਘ ਨੇ ਆਪਣੀ ਪੂਰੀ ਟੀਮ ਨਾਲ ਬਠਿੰਡਾ 'ਚ ਖੁਸ਼ੀ ਮਨਾਈ ਗਈ ਅਤੇ ਲੱਡੂ ਵੰਡ ਕੇ ਖੁਸ਼ੀ ਦਾ ਇਜਹਾਰ ਕੀਤਾ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

## ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਕਬੱਡੀ ਵਿੱਚ ਚੰਗਾ ਪਰਦਰਸ਼ਨ ਕਰਨ ਵਾਲੇ ਖਿਡਾਰੀਆਂ ਦਾ ਕੀਤਾ ਸਨਮਾਨ



**ਧੂਰੀ ( ਰਣਜੀਤ ਸਿੰਘ ਪੇਧਨੀ )**-ਧੂਰੀ ਹਲਕੇ ਵਿੱਚ ਪੈਂਦੇ ਪਿੰਡ ਕਾਤਰੋਂ ਦੀ ਕਬੱਡੀ ਦੀ ਟੀਮ ਅੱਜ ਕੱਲ ਦੇ ਕਬੱਡੀ ਕੱਪਾਂ ਤੇ ਵਧੀਆ ਨਾਮਣਾ ਖੱਟ ਕੇ ਚੱਲ ਰਹੇ ਕਬੱਡੀ ਕੱਪਾਂ ਤੇ ਆਪਣੇ ਪਿੰਡ ਦਾ ਨਾਮ ਰੌਸ਼ਨ ਕਰ ਰਹੇ ਹਨ। ਆਪਣੇ ਪਿੰਡ ਦੇ ਮੁੰਡਿਆਂ ਦੀ ਕਬੱਡੀ ਵਿੱਚ ਮਿਹਨਤ ਨੂੰ ਦੇਖਦਿਆਂ ਸ੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਵਿਸ਼ੇਸ਼ ਤੌਰ 'ਤੇ ਖੇਡਣ ਵਾਲੇ ਖਿਡਾਰੀਆਂ ਦਾ ਸਨਮਾਨ ਕੀਤਾ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਨੇ ਕਿਹਾ ਮਾਂ ਖੇਡ ਕਬੱਡੀ ਨੂੰ ਬਿਸਵ ਪੱਧਰ ਵਿੱਚ ਚਮਕਾਉਣ ਦੇ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਹਿਮ ਯੋਗਦਾਨ ਹੈ। ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਵਰਲਡ ਕੱਪ ਕਰਵਾਉਣੇ ਖਿਡਾਰੀਆਂ ਨੂੰ ਵੱਖ ਵੱਖ ਮਹਿਕਮਿਆਂ ਵਿੱਚ ਸਰਕਾਰੀ ਨੌਕਰੀਆਂ ਦੇਣੀਆਂ ਪਾਰਟੀ ਪ੍ਰਧਾਨ ਸੁਖਵੀਰ ਸਿੰਘ ਬਾਦਲ ਦੇ ਹਿੱਸੇ ਆਇਆ ਹੈ। ਇਸ ਮੌਕੇ ਸਾਬਕਾ ਸਰਪੰਚ ਸਰਬਜੀਤ ਸਿੰਘ ਕਾਤਰੋਂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸਾਬਕਾ ਵਿਧਾਇਕ ਗੋਲਡੀ ਖੰਗੂੜਾ ਪੇਧਨੀ ਤੋਂ 1ਬੂਥ ਅਤੇ ਆਪਣੇ ਪਿੰਡ ਪੁੰਨਾਵਾਲ ਤੋਂ ਪੂਰਨ ਰੂਪ ਵਿੱਚ ਜੇਤੂ ਰਹੇ

**ਧੂਰੀ ( ਰਣਜੀਤ ਸਿੰਘ ਪੇਧਨੀ )**-ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਖੰਗੂੜਾ ਆਪਣੇ ਪਿੰਡ ਪੁੰਨਾਵਾਲ ਤੋਂ ਬਲਾਕ ਸੰਮਤੀ ਦੀਆਂ ਲੰਘੀਆਂ ਚੋਣਾਂ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਤੋਂ ਵੋਟਾਂ ਵੱਧ ਲੈ ਕੇ ਚਰਚਾ ਵਿੱਚ ਹਨ। ਗੋਲਡੀ ਖੰਗੂੜਾ ਆਪਣੇ ਨਾਲ ਲੱਗਦੇ ਪਿੰਡ ਪੇਧਨੀ ਵਿੱਚ ਵੀ ਨਹੀਂ ਹਾਰੇ 70 ਨੰਬਰ ਬੂਥ ਤੋਂ ਵੀ ਬੜਤ ਬਣਾਉਣ ਵਿੱਚ ਕਾਮਯਾਬ ਰਹੇ। ਬੇਸ਼ੱਕ ਆਪ ਉਮੀਦਵਾਰ ਸਿਰਫ ਥੋੜੀਆਂ ਜਿਹੀਆਂ ਵੋਟਾਂ ਨਾਲ ਜੇਤੂ ਰਹੇ ਹਨ। ਉਹ ਵੀ ਪੇਧਨੀ ਕਲਾਂ ਦੇ 71 ਨੰਬਰ ਬੂਥ ਤੋ ਵੋਟਾਂ ਵਧਣ ਕਰਕੇ ਆਪਣੀ ਸਾਖ ਬਚਾਉਣ ਵਿੱਚ ਕਾਮਯਾਬ ਰਹੇ। ਪਰ ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਦੋਵਾਂ ਪਿੰਡਾਂ ਵਿੱਚ ਬਾਕੀ ਪਾਰਟੀਆਂ 'ਤੇ ਭਾਰੂ ਪੈਦੇ ਨਜਰ ਆਏ। ਸਾਬਕਾ ਐਮ ਐਲ ਏ ਗੋਲਡੀ ਖੰਗੂੜਾ ਪੁੰਨਾਵਾਲ ਤੋਂ ਪੂਰਨ ਰੂਪ ਵਿੱਚ ਅਤੇ ਪੇਧਨੀ ਤੋਂ ਇਕ ਬੂਥ ਤੋਂ ਜੇਤੂ ਰਹੇ ਹਨ। ਜੇਕਰ ਪੇਧਨੀ ਦੇ 71 ਨੰਬਰ ਬੂਥ ਤੋ ਆਪ ਦੀਆਂ ਵੋਟਾਂ ਨਾ ਵਧਦੀਆਂ ਤਾਂ ਨਤੀਜੇ ਪੂਰਨ ਰੂਪ ਵਿੱਚ ਗੋਲਡੀ ਖੰਗੂੜਾ ਦੇ ਹੱਕ ਵਿੱਚ ਆਉਣੇ ਸਨ। ਪਰ ਕਿਤੇ ਨਾ ਕਿਤੇ ਧੜੇਬੰਦੀ ਦਾ ਕਾਰਨ ਵੀ ਦੇਖਣ ਨੂੰ ਮਿਲਿਆ ।



ਆਵਾਜ਼ਿ ਕੌਮ AWAZE QAUM International Newspaper & WEB TV

## ਦਸ਼ਮੇਸ਼ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਅਤੇ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ਵਿਖੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੂਰਬ ਬਹੁਤ ਹੀ ਸ਼ਰਧਾ ਪੂਰਵਕ ਤੇ ਧੂਮਧਾਮ ਨਾਲ ਮਨਾਇਆ ਗਿਆ



ਚੌਂਕ ਮਹਿਤਾ, 23 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ ) ਇਲਾਕੇ ਦੇ ਨਾਮਵਰ ਸੰਸਥਾਵਾਂ ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ ਅਤੇ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ਵਿਖੇ ਸਭ ਤੋਂ ਪਹਿਲਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਕੂਲ ਵਿੱਚ ਚੱਲ ਰਹੇ ਸਹਿਜ ਪਾਠ ਦਾ ਭੋਗ ਪਾਇਆ ਗਿਆ। ਭੋਗ ਤੋਂ ਉਪਰੰਤ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਰਾਹੀਂ ਸਭ ਨੂੰ ਨਿਹਾਲ ਕੀਤਾ ਤੇ ਹੋਰ ਸਟੇਜੀ ਗਤੀਵਿਧੀਆਂ ਜਿਵੇਂ ਕਵੀਸ਼ਰੀ, ਕਵਿਤਾ ਅਤੇ ਭਾਸ਼ਣ ਆਦਿ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਦਾ ਜਸ ਗਾਇਨ ਕੀਤਾ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੋਦ ਦਾ ਆਨੰਦ ਮਾਣ ਰਹੇ ਇਸ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਨੇ ਇਸ ਦਿਨ ਨੂੰ ਯਾਦਗਾਰੀ ਬਣਾਉਣ ਲਈ ਹਰ ਪ੍ਰਕਾਰ ਦਾ ਯੋਗਦਾਨ ਦਿੱਤਾ। ਸਕੂਲ ਮੈਨੇਜਮੈਂਟ ਵੱਲੋਂ ਵਿਦਿਆਰਥੀਆਂ ਲਈ ਮਿੱਠੇ ਪਦਾਰਥਾਂ ਦਾ ਲੰਗਰ ਵਰਤਾਇਆ ਗਿਆ । ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਸ. ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਪ੍ਰੇਰਨਾ ਦਿੰਦੇ ਹੋਏ ਕਿਹਾ ਕਿ ਉਹ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਏ ਗਏ ਸਿਧਾਂਤਾਂ ਦੀ ਪਾਲਣਾ ਕਰਨ ਅਤੇ ਧਰਮ ਵਿੱਚ ਪੱਕੇ ਰਹਿ ਕੇ ਉਹਨਾਂ ਦੁਆਰਾ ਦਿੱਤੇ ਉਪਦੇਸ਼ਾਂ ਵਿੱਚ ਆਪਣਾ ਸਿੱਖੀ ਜੀਵਨ ਬਤੀਤ ਕਰਨ। ਇਸ ਮੌਕੇ ਪ੍ਰਿੰ. ਗੁਰਬੀਰ ਕੌਰ, ਮੈ. ਰਵਿੰਦਰ ਕੌਰ, ਮੈ. ਹਰਪ੍ਰੀਤ ਕੌਰ, ਮੈ. ਸੰਦੀਪ ਕੌਰ, ਸਰ. ਅੰਮ੍ਰਿਤਪਾਲ ਸਿੰਘ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਲੱਡਾ ਅਤੇ ਪੂੰਨਾਵਾਲ ਸਕੂਲਾਂ ਦੇ ਬੱਚਿਆਂ ਨੂੰ

# ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਪ੍ਰੇਰਿਆ






**ਧੂਰੀ ( ਰਣਜੀਤ ਸਿੰਘ ਪੇਧਨੀ )**-ਸੀਨੀਅਰ ਸੈਕੰਡਰੀ ਸਕੂਲ ਲੱਡਾਂ ਅਤੇ ਸਰਕਾਰੀ ਸਮਾਰਟ ਹਾਈ ਸਕੂਲ ਪੂੰਨਾਵਾਲ ਵਿਖੇ ਸਕੂਲੀ ਬੱਚਿਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਬਚਾਓ ਅਤੇ ਨਸ਼ਾ ਨਾ ਕਰਨ ਅਤੇ ਨਸ਼ਾ ਵੇਚਣ ਵਾਲਿਆਂ ਦੀ ਮੱਦਦ ਨਾ ਕਰਨ ਦੀ ਸ਼ੌਹ ਚੁਕਾਈ ਗਈ। ਸਿਹਤ ਵਿਭਾਗ ਦੀ ਟੀਮ ਅਸ਼ੋਕ ਕੁਮਾਰ ਹੈੱਲਥ ਇੰਸਪੈਕਟਰ ਅਤੇ ਡਾਕਟਰ ਵਰਿੰਦਰ ਸਿੰਘ ਸੀ ਐਚ ਓ ਨੇ ਬੱਚਿਆਂ ਨੂੰ ਨਸ਼ਿਆਂ ਦੇ ਖਾਤਮੇ ਲਈ ਚੱਲ ਰਹੇ ਪ੍ਰੋਗਰਾਮ ਯੁੱਧ ਨਸ਼ਿਆਂ ਵਿਰੁੱਧ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਸਰਕਾਰ ਦੇ ਚੱਲ ਪ੍ਰੋਗਰਾਮ ਯੁੱਧ ਨਸ਼ਿਆਂ ਵਿਰੁੱਧ ਵਿੱਚ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਅਪੀਲ ਕੀਤੀ ਤਾਂ ਜੋ ਸਰਕਾਰ ਦੇ ਚੱਲ ਰਹੇ ਪ੍ਰੋਗਰਾਮ ਨੂੰ ਹੋਰ ਬਲ ਮਿਲ ਸਕੇ।ਇਸ ਮੋਕੇ ਟੀਮ ਮੈਂਬਰ ਜਸਵਿੰਦਰ ਸਿੰਘ ਮ,ਪ,ਹ,ਵ(ਮ)ਅਤੇ ਕੁਲਵਿੰਦਰ ਕੌਰ,ਹਰਜਿੰਦਰ ਕੌਰ ਮ,ਪ,ਹ,ਵ(ਮ) ਹਾਜ਼ਰ ਸਨ।

### 'ਜੇ ਬੰਗਲਾਦੇਸ਼ ਵੱਲ ਅੱਖ ਚੁੱਕੀ ਤਾਂ . . . !'

# ਪਾਕਿਸਤਾਨੀ ਨੇਤਾ ਨੇ ਭਾਰਤ ਨੂੰ ਦਿੱਤੀ ਜੰਗ ਦੀ ਧਮਕੀ

**ਨਵੀਂ ਦਿੱਲੀ/ਇਸਲਾਮਾਬਾਦ, 23 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਦੀ ਪਾਰਟੀ, ਪਾਕਿਸਤਾਨ ਮੁਸਲਿਮ ਲੀਗ ਦੇ ਇੱਕ ਆਗੂ ਨੇ ਭਾਰਤ ਵਿਰੁੱਧ ਜ਼ਹਿਰ ਉਗਲਦਿਆਂ ਜੰਗ ਦੀ ਧਮਕੀ ਦਿੱਤੀ ਹੈ। ਯੂਥ ਵਿੰਗ ਦੇ ਆਗੂ ਕਾਮਰਾਨ ਸਈਦ ਉਸਮਾਨੀ ਨੇ ਇੱਕ ਵੀਡੀਓ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਜੇਕਰ ਭਾਰਤ ਨੇ ਬੰਗਲਾਦੇਸ਼ ਦੀ ਖੁਦਮੁਖਤਿਆਰੀ 'ਤੇ ਹਮਲਾ ਕੀਤਾ ਜਾਂ ਉਸ ਵੱਲ 'ਬੁਰੀ ਨਜ਼ਰ' ਨਾਲ ਦੇਖਿਆ, ਤਾਂ ਪਾਕਿਸਤਾਨੀ ਫੌਜ ਅਤੇ ਉਸ ਦੀਆਂ ਮਿਜ਼ਾਈਲਾਂ ਮੂੰਹ-ਤੋੜ ਜਵਾਬ ਦੇਣਗੀਆਂ। ਸਰੋਤਾਂ ਅਨੁਸਾਰ, ਉਸਮਾਨੀ ਨੇ ਪਾਕਿਸਤਾਨ ਅਤੇ ਬੰਗਲਾਦੇਸ਼ ਵਿਚਕਾਰ ਇੱਕ ਮਜ਼ਬੂਤ ਫੌਜੀ ਗਠਜੋੜ ਬਣਾਉਣ ਦੀ ਮੰਗ ਕੀਤੀ ਹੈ।ਉਸਨੇ ਪ੍ਰਸਤਾਵ ਦਿੱਤਾ ਕਿ ਪਾਕਿਸਤਾਨ ਨੂੰ ਬੰਗਲਾਦੇਸ਼ ਵਿੱਚ ਅਤੇ ਬੰਗਲਾਦੇਸ਼ ਨੂੰ ਪਾਕਿਸਤਾਨ ਵਿੱਚ ਆਪਣੇ ਫੌਜੀ ਅੱਡੇ ਸਥਾਪਤ ਕਰਨੇ ਚਾਹੀਦੇ ਹਨ।ਉਸਦਾ ਦਾਅਵਾ ਹੈ ਕਿ ਅਜਿਹੀ ਵਿਵਸਥਾ ਨਾਲ ਚੀਨ-ਪਾਕਿਸਤਾਨ ਆਰਥਿਕ ਲਾਂਘੇ ਨੂੰ ਬੰਗਲਾਦੇਸ਼ ਦੀਆਂ ਬੰਦਰਗਾਹਾਂ ਨਾਲ ਜੋੜਿਆ ਜਾ ਸਕੇਗਾ, ਜਿਸ ਨਾਲ ਖੇਤਰੀ ਸ਼ਕਤੀ ਦੇ ਗਤੀਸ਼ੀਲਤਾ ਵਿੱਚ ਵੱਡੀ ਤਬਦੀਲੀ ਆਵੇਗੀ। ਪਾਕਿਸਤਾਨੀ ਨੇਤਾ ਨੇ ਦੋਸ਼ ਲਗਾਇਆ ਕਿ ਭਾਰਤ ਆਪਣੀ 'ਅਖੰਡ ਭਾਰਤ' ਦੀ ਵਿਚਾਰਧਾਰਾ ਬੰਗਲਾਦੇਸ਼ 'ਤੇ ਥੋਪਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਉੱਥੇ ਹਿੰਦੂ ਰਾਸ਼ਟਰ ਸਥਾਪਤ ਕਰਨਾ ਚਾਹੁੰਦਾ ਹੈ। ਉਸਨੇ ਇਹ ਵੀ ਦਾਅਵਾ ਕੀਤਾ ਕਿ ਬੰਗਲਾਦੇਸ਼ ਨੂੰ ਭਾਰਤੀ ਸੀਮਾ ਸੁਰੱਖਿਆ ਬਲ (BSF) ਵੱਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਸਮਾਨੀ ਨੇ ਚਿਤਾਵਨੀ ਦਿੰਦਿਆਂ ਕਿਹਾ, "ਯਾਦ ਰੱਖੋ ਕਿ ਪਾਕਿਸਤਾਨ ਦੇ ਲੋਕ, ਹਥਿਆਰਬੰਦ ਬਲ ਅਤੇ ਸਾਡੀਆਂ ਮਿਜ਼ਾਈਲਾਂ ਬਹੁਤੀ ਦੂਰ ਨਹੀਂ ਹਨ।" ਉਸਮਾਨੀ ਨੇ ਸੁਝਾਅ ਦਿੱਤਾ ਕਿ ਜੇਕਰ ਲੋੜ ਪਈ ਤਾਂ ਪਾਕਿਸਤਾਨ ਪੱਛਮ ਤੋਂ ਅਤੇ ਬੰਗਲਾਦੇਸ਼ ਪੂਰਬ ਤੋਂ ਭਾਰਤ 'ਤੇ ਹਮਲਾ ਕਰ ਸਕਦਾ ਹੈ, ਜਦੋਂ ਕਿ ਚੀਨ ਅਰੁਣਾਚਲ ਪ੍ਰਦੇਸ਼ ਅਤੇ ਲੱਦਾਖ 'ਤੇ ਆਪਣਾ ਧਿਆਨ ਕੇਂਦਰਿਤ ਰੱਖ ਸਕਦਾ ਹੈ।ਉਸਨੇ ਦਾਅਵਾ ਕੀਤਾ ਕਿ ਪਾਕਿਸਤਾਨ ਨੇ ਪਹਿਲਾਂ ਵੀ ਭਾਰਤ ਨੂੰ ਮੁਸ਼ਕਲ ਸਥਿਤੀ ਵਿੱਚ ਪਾਇਆ ਹੈ ਅਤੇ ਭਵਿੱਖ ਵਿੱਚ ਵੀ ਅਜਿਹਾ ਕਰਨ ਦੀ ਸਮਰੱਥਾ ਰੱਖਦਾ ਹੈ।



# ਸੁਖਬੀਰ ਸਿੰਘ ਬਾਦਲ ਜਾਂ ਮੈਂ ਕਦੇ ਵੀ 'ਵੀਰ ਬਾਲ ਦਿਵਸ' ਨਾਮ ਰੱਖੇ ਜਾਣ ਦੀ ਸਿਫਾਰਸ਼ ਨਹੀਂ ਕੀਤੀ: ਮਨਜੀਤ ਸਿੰਘ ਜੀ.ਕੇ.



**ਨਵੀ ਦਿੱਲੀ, ਦਸੰਬਰ 23 (ਮਨਪ੍ਰੀਤ ਸਿੰਘ ਖਾਲਸਾ)**:- ਮਨਜੀਤ ਸਿੰਘ ਜੀ.ਕੇ. ਨੇ ਆਪਣੇ ਵੱਲੋਂ ਜਾਰੀ ਮੀਡੀਆ ਬਿਆਨ ਵਿੱਚ ਦੱਸਿਆ ਕਿ ਭਾਜਪਾ ਦੇ ਆਗੂ ਪ੍ਰਿਤਪਾਲ ਸਿੰਘ ਬਲੀਆਵਾਲਾ ਦਾ ਇਹ ਬਿਆਨ ਸਰਾਸਰ ਝੂਠ ਹੈ ਜਿਸ ਵਿੱਚ ਪ੍ਰਿਤਪਾਲ ਸਿੰਘ ਬਲੀਆਵਾਲਾ ਨੇ ਮੀਡੀਆ ਵਿੱਚ ਤੇ ਆਪਣੇ ਟਵੀਟਰ 'ਤੇ ਬਿਆਨ ਦਿੱਤਾ ਹੈ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਇੱਕ ਸੈਮੀਨਾਰ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਸਾਂਸਦ ਸਮ੍ਰਿਤੀ ਇਰਾਨੀ, ਖੁਦ ਮਨਜੀਤ ਸਿੰਘ ਜੀ.ਕੇ., ਇੰਡੀਆ ਟੀ.ਵੀ. ਦੇ ਮਾਲਕ ਰਜਤ ਸ਼ਰਮਾ ਮੌਜੂਦ ਸਨ, ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਹ ਮੰਗ ਕੀਤੀ ਗਈ ਕਿ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦਿਹਾੜੇ ਦਾ ਨਾਮ 'ਵੀਰ ਬਾਲ ਦਿਵਸ' ਰੱਖਿਆ ਜਾਵੇ।ਮਨਜੀਤ ਸਿੰਘ ਜੀ.ਕੇ. ਨੇ ਅੱਗੇ ਕਿਹਾ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇੱਕ ਵੀ ਅਜਿਹਾ ਪ੍ਰੈੱਸ ਨੋਟ ਨਹੀਂ ਹੈ ਜਿਸ ਵਿੱਚ ਅਜਿਹੀ ਮੰਗ ਕਰਨ ਦਾ ਜ਼ਿਕਰ ਹੋਵੇ। ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਉਹ ਉਸ ਸੈਮੀਨਾਰ ਦੇ ਵੀਡੀਓ ਲਿੰਕ ਵੀ ਸਾਂਝਾ ਕਰ ਸਕਦੇ ਹਨ ਜਿਸ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਜਾਂ ਉਹਨਾਂ ਵੱਲੋਂ ਕਦੇ ਵੀ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦਿਹਾੜੇ ਦਾ ਨਾਮ 'ਵੀਰ ਬਾਲ ਦਿਵਸ' ਰੱਖਣ ਦੀ ਮੰਗ ਨਹੀਂ ਕੀਤੀ ਗਈ। ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਭਾਜਪਾ ਦੇ ਰਾਜਸੀ ਏਜੰਡੇ ਦੀ ਪੂਰਤੀ ਲਈ ਅਤੇ ਹਾਲ ਹੀ ਵਿੱਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਜੀ (ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਵੱਲੋਂ ਜੋ ਸਿੱਖ ਸਾਂਸਦਾਂ ਨੂੰ ਆਦੇਸ਼ ਕੀਤਾ ਗਿਆ ਹੈ ਕਿ ਦਸ਼ਮੇਸ਼ ਪਿਤਾ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੇ ਪਵਿੱਤਰ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਦੀ ਥਾਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਵਜੋਂ ਮਨਾਉਣ ਦੀ ਮੰਗ ਨੂੰ ਸੰਸਦ ਵਿੱਚ ਰੱਖਿਆ ਜਾਵੇ, ਦੀ ਖਿਲਾਫਤ ਵਜੋਂ ਪ੍ਰਿਤਪਾਲ ਸਿੰਘ ਬਲੀਆਵਾਲਾ ਨੇ ਅਜਿਹਾ ਝੂਠਾ ਬਿਆਨ ਦਿੱਤਾ ਹੈ ਜਿਸ 'ਤੇ ਉਹਨਾਂ ਵੱਲੋਂ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਮਨਜੀਤ ਸਿੰਘ ਜੀ.ਕੇ. ਨੇ ਅੱਗੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਵੱਲੋਂ, ਜੋ ਕਿ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਜੇ ਜਥੇਦਾਰ ਸਨ, ਇਸ ਸਭ ਤੋਂ ਭਲੀ ਭਾਤੀ ਜਾਣੂ ਹੋਣ ਦੇ ਬਾਵਜੂਦ ਵੀ ਆਪਣੇ ਪੇਜਾਂ 'ਤੇ ਪੋਸਟਾਂ ਪਾ ਕੇ ਸੰਗਤ ਨੂੰ ਜੋ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਇਹ ਵਰਤਾਰਾ ਬਹੁਤ ਹੀ ਮੰਦਭਾਗਾ ਹੈ।

# ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਵਤਾਰ ਗੁਰਪੁਰਬ ਨੂੰ ਸਮਰਪਿਤ ਦਮਦਮੀ ਟਕਸਾਲ ਵੱਲੋਂ ਨਗਰ ਕੀਰਤਨ ਭਲਕੇ



ਚੌਕ ਮਹਿਤਾ,23ਦਸੰਬਰ( ਬਾਬਾ ਸੁਖਵੰਤ ਸਿੰਘ ਚੰਨਣਕੇ) ਦਮਦਮੀ ਟਕਸਾਲ ਦੇ ਬਾਨੀ ਸਾਹਿਬੇ ਕਮਾਲਿ, ਅੰਮ੍ਰਿਤ ਦਾਤੇ, ਸਰਬੰਸਦਾਨੀ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੇ ਪਵਿੱਤਰ ਪਾਵਨ ਅਵਤਾਰ ਗੁਰਪੁਰਬ ਨੂੰ ਸਮਰਪਿਤ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਨਿਗਰਾਨੀ ਹੇਠ ਅਤੇ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾ ਪਿਆਰਿਆਂ ਸਾਹਿਬਾਨ ਦੀ ਅਗਵਾਈ ਹੇਠ ਕੱਲ 25 ਦਸੰਬਰ 2025 ਦਿਨ ਵੀਰਵਾਰ ਨੂੰ ਸਵੇਰੇ 7 ਵਜੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਹੈਡ ਕੁਆਰਟਰ ਦਮਦਮੀ ਟਕਸਾਲ ਮਹਿਤਾ ਤੋਂ ਆਰੰਭ ਹੋਵੇਗਾ ਨਗਰ ਕੀਰਤਨ ਗੁਰਦੁਆਰਾ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਤੋਂ ਆਰੰਭ ਹੋ ਕੇ ਉਦੋਂ ਨੰਗਲ,ਸੂਰੋ ਪੱਡਾ, ਨਾਥ ਦੀ ਖੂਹੀ, ਜਲਾਲ ਉਸਮਾ, ਗੁਰਦੁਆਰਾ ਚੋਲੇਆਨਾ ਸਾਹਿਬ,ਅੱਡਾ ਦਾਉਧ,ਅੱਡਾ ਵਡਾਲਾ ,ਮੌੜ ਸੁਧਾਰ,ਅੱਡਾ ਦਨਿਆਲ,ਮੌੜ ਕਲੇਰ ਘੁਮਾਣ, ਧਿਆਨ ਪੁਰ , ਬਾਬਾ ਬਕਾਲਾ ਸਾਹਿਬ,ਠੱਠੀਆਂ ,ਬੇਦਾਦਪੁਰ,ਸਡਿਆਲਾ,ਗੱਗੜਭਾਣਾ,ਬੁੱਟਰ,ਟਕਾਪੁਰ,ਖੱਬੇ ਰਾਜਪੂਤਾਂ,ਅੱਡਾ ਸੈਦੂਕੇ,ਚੂੰਗ, ਚੌਕ ਮਹਿਤਾ ਤੋਂ ਵਾਪਸ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿੱਖੇ ਸਮਾਪਤੀ ਹੋਵੇਗੀ।ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੱਸਾਂ, ਟਰੈਕਟਰ ਟਰਾਲੀਆਂ, ਮੋਟਰ ਗੱਡੀਆਂ, ਕਾਰਾਂ ਆਦਿ ਆਪੋ ਆਪਣੇ ਸਾਧਨਾਂ ਰਾਹੀਂ ਸਮੇਂ ਸਿਰ ਪਾਉਚਣ ਦੀ ਕਿਰਪਾਲਤਾ ਕਰਨੀ ਜੀ।

# ਕਮਲ ਧਾਲੀਵਾਲ ਨੇ ਰਾਹੁਲ ਗਾਧੀ ਨਾਲ ਜਰਮਨ ਜਾ ਪਾਰਟੀ ਦੀ ਮਜ਼ਬੂਤੀ ਲਈ ਕੀਤੀ ਵਿਚਾਰ ਚਰਚਾ



ਅਮਰਗੜ੍ਹ ( ਰਣਜੀਤ ਸਿੰਘ ਪੇਧਨੀ ) ਇੰਡੀਅਨ ਨੈਸਨਲ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ, ਵਿਰੋਧੀ ਧਿਰ ਦੇ ਨੇਤਾ ਸ੍ਰੀ ਰਾਹੁਲ ਗਾਧੀ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਜਰਮਨੀ ਦਾ ਦੌਰਾ ਕੀਤਾ ਗਿਆ।ਇਸ ਦੌਰੇ ਦੌਰਾਨ ਉਨ੍ਹਾਂ ਨੇ ਯੂਰਪ ਦੇ ਲੋਕਾਂ ਨਾਲ ਖੁੱਲ੍ਹੀ ਗੱਲਬਾਤ ਕੀਤੀ ਅਤੇ ਭਾਰਤ ਦੇ ਅਹਿਮ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਜਰਮਨੀ ਵਿੱਚ ਮਿਲੇ ਪਿਆਰ ਅਤੇ ਸਾਰਥਕ ਚਰਚਾ ਨੇ ਇਸ ਦੌਰੇ ਨੂੰ ਯਾਦਗਾਰ ਬਣਾ ਦਿੱਤਾ।ਇਸ ਦੌਰੇ ਦੌਰਾਨ ਉਨ੍ਹਾਂ ਦੇ ਨਾਲ ਹਲਕਾ ਅਮਰਗੜ੍ਹ ਤੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਕਮਲ ਧਾਲੀਵਾਲ ਵੀ ਨਾਲ ਮੌਜੂਦ ਰਹੇ ਅਤੇ ਪਾਰਟੀ ਨੂੰ ਆਉਣ ਵਾਲੇ ਸਮੇਂ ਵਿੱਚ ਤਕੜਾ ਕਰਨ ਲਈ ਖੁਲ ਕੇ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਾਂਗਰਸੀ ਆਗੂ ਕਮਲ ਧਾਲੀਵਾਲ ਨੇ ਕਿਹਾ ਕਿ ਜਿਵੇਂ ਕਿ ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ 'ਚ ਕਾਂਗਰਸ ਪਾਰਟੀ ਨੂੰ ਤਕੜਾ ਹੁੰਗਾਰਾ ਮਿਲਿਆ ਹੈ।ਉਸ ਤੋਂ ਇਹ ਸਾਬਤ ਹੋ ਗਿਆ ਹੈ ਕਿ 2027 ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਵੱਡੇ ਮਾਰਜਨ ਨਾਲ ਜਿੱਤ ਪ੍ਰਾਪਤ ਕਰਕੇ ਸਰਕਾਰ ਬਣਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਜਾਏ ਨਗਰ ਕੀਰਤਨ ਸਮੇਂ ਪੰਜ ਪਿਆਰੇ ਸਾਹਿਬਾਨ, ਨਾਲ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ, ਸੰਤ ਬਾਬਾ ਬਲਵਿੰਦਰ ਸਿੰਘ ਅਜੀਤਵਾਲ ਤੇ ਹੋਰ ਸੰਗਤਾਂ।

# ਇੰਟਰਨੈਸ਼ਨਲ ਪੰਥਕ ਦਲ ਵਲੋਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 37ਵਾਂ ਨਗਰ ਕੀਰਤਨ ਸਜਾਇਆ

ਅਜੀਤਵਾਲ (ਮੋਗਾ), 22 ਦਸੰਬਰ ਇੰਟਰਨੈਸ਼ਨਲ ਪੰਥਕ ਦਲ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮੁੱਚੇ ਪੰਜਾਬ ਵਿਚ ਉਲੀਕੇ 40 ਨਗਰ ਕੀਰਤਨ 'ਚੋਂ 37ਵਾਂ ਨਗਰ ਕੀਰਤਨ ਅੱਜ ਡੇਰਾ ਸਮਾਧਾਂ ਬਾਬਾ ਖਜਾਨ ਸਿੰਘ (ਨਿਰਮਲ ਆਸ਼ਰਮ) ਪਿੰਡ ਅਜੀਤਵਾਲ (ਮੋਗਾ) ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਬੇਨਤੀ ਉਪਰੰਤ ਵੱਖ-ਵੱਖ ਪਿੰਡਾਂ ਲਈ ਆਰੰਭ ਹੋਇਆ, ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਵੀ ਮੌਜੂਦ ਰਹੇ। ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਲਵਿੰਦਰ ਸਿੰਘ ਵਲੋਂ ਪੰਜ ਪਿਆਰੇ ਸਾਹਿਬਾਨ, ਹਾਜ਼ਰ ਸਿੰਘ ਅਤੇ ਨਗਰ ਕੀਰਤਨ ਨਾਲ ਪਹੁੰਚੀਆਂ ਧਾਰਮਿਕ ਸ਼ਖ਼ਸੀਅਤਾਂ ਦਾ ਸਿਰੋਪਾਉ ਨਾਲ ਸਨਮਾਨ ਕੀਤਾ। ਪਿੰਡਾਂ ਵਿਚ ਧਰਮ ਪ੍ਰਚਾਰ ਉਪਰੰਤ ਬੁੱਘੀਪੁਰਾ ਵਿਖੇ ਸਮਾਪਤ ਹੋਏ। ਇਸ ਨਗਰ ਕੀਰਤਨ ਦੌਰਾਨ ਸੰਗਤ ਨੂੰ ਸੰਬੋਧਨ ਹੁੰਦਿਆਂ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖ਼ਾਲਸਾ ਨੇ ਦੱਸਿਆ ਕਿ 40ਵਾਂ ਨਗਰ ਕੀਰਤਨ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਜਨਮ ਨਗਰ ਪਿੰਡ ਰੋਡੇ ਵਿਖੇ ਸਜਾਇਆ ਜਾਵੇਗਾ। ਨਗਰ ਕੀਰਤਨ ਦੌਰਾਨ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਖ਼ਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਬਾਬਾ ਬਲਵਿੰਦਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸੰਤ ਖ਼ਾਲਸਾ ਰੋਡੇ, ਸੰਤ ਚਰਨਜੀਤ ਸਿੰਘ ਜੱਸੋਵਾਲ, ਭਾਈ ਜਗਤਾਰ ਸਿੰਘ ਰੋਡੇ ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ, ਬਾਬਾ ਸੱਜਣ ਸਿੰਘ ਅਲਗੋਂ ਕੋਠੀ, ਜਥੇਦਾਰ ਸਵਰਨਜੀਤ ਸਿੰਘ ਤਰਨਾ ਦਲ, ਜਗਸੀਰ ਸਿੰਘ ਰੋਡੇ, ਜਥੇਦਾਰ ਬੂਟਾ ਸਿੰਘ ਰੋਡੇ ਆਦਿ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

**40ਵਾਂ ਨਗਰ ਕੀਰਤਨ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਜਨਮ ਨਗਰ ਪਿੰਡ ਰੋਡੇ ਵਿਖੇ ਹੋਵੇਗਾ-ਭਾਈ ਜਸਵੀਰ ਸਿੰਘ ਖ਼ਾਲਸਾ**




# ਸ਼ਹੀਦਾਂ ਦੀ ਯਾਦ 'ਚ ਅਤੇ ਭਲਵਾਨਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਜੋਗਿੰਦਰ ਸਿੰਘ ਢੰਡੋਵਾਲ ਦੇ ਪਰਿਵਾਰ ਵੱਲੋਂ ਹੋਵੇਗੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ 12 ਜਨਵਰੀ, 2026 (ਦਿਨ ਸੋਮਵਾਰ) ਸਵੇਰੇ 10.00 ਵਜੇ ਨੂੰ ਹੋਵੇਗੀ, ਜਿਨ੍ਹਾਂ ਦੇ ਭੋਗ 14 ਜਨਵਰੀ, 2026 (ਦਿਨ ਬੁੱਧਵਾਰ) ਨੂੰ ਸਵੇਰੇ 10.00 ਵਜੇ ਪਾਏ ਜਾਣਗੇ। ਅਰਦਾਸ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਛਿੰਝ ਦੌਰਾਨ ਭਲਵਾਨ ਆਪਣੀ ਭਲਵਾਨੀ ਦੇ ਜੌਹਰ ਦਿਖਾਉਣਗੇ।

ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।

## ਸਮੂਹ ਇਲਾਕਾਵਸੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ

## ਵੱਲੋਂ: ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)

ਸੰਪਰਕ: (ਨਛੱਤਰ ਸਿੰਘ ਸੱਤੀ) 98151-02950, 82840-32366 (ਬਲਿਹਾਰ ਸਿੰਘ ਨੰਬਰਦਾਰ), (ਜੀਤ ਸਿੰਘ) 92573-40139

### ਇੰਟਰਨੈਸ਼ਨਲ ਪੰਥਕ ਦਲ ਯੂਕੇ ਦੇ ਸੇਵਾਦਾਰਾਂ ਨੇ

# ਬੇ-ਘਰੇ ਅਤੇ ਲੋੜਵੰਦ ਲੋਕਾਂ ਲਈ ਲਗਾਇਆ ਲੰਗਰ






**ਵਇਲਸਾਲ, 23 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਇੰਟਰਨੈਸ਼ਨਲ ਪੰਥਕ ਦਲ ਅਣਥੱਕ ਸੇਵਾਦਾਰ ਅਤੇ ਢਾਡੀ ਭਾਈ ਹਰਬੰਸ ਸਿੰਘ ਜੋਸ਼ ਦੇ ਢਾਡੀ ਗੁਰਬਚਨ ਸਿੰਘ ਅਣਖੀ ਦੇ ਮਨ ਦੇ ਵਿੱਚ ਇਹ ਚਾਅ ਹੈ ਕਿ ਲੋੜਵੰਦ ਲੋਕਾਂ ਦੀ ਸੇਵਾ ਕੀਤੀ ਜਾਵੇ ਉਹਨਾਂ ਨੇ ਜਥੇਬੰਦੀ ਦੇ ਸਿੰਘਾਂ ਦੇ ਨਾਲ ਵਿਚਾਰ ਕੀਤੀ ਅਤੇ ਪਿਛਲੇ ਐਤਵਾਰ ਗੁਰਦੁਆਰਿਆਂ ਨਾਨਕਸਰ ਪਲੈਕ ਵਾਲਸਾਲ ਤੋਂ ਲੰਗਰ ਅਤੇ ਦਾਲਾਂ ਪ੍ਰਾਪਤ ਕਰਕੇ ਅਤੇ ਉਹਨਾਂ ਵਾਸਤੇ ਹੋਰ ਲੋੜ ਅਨੁਸਾਰ ਚੀਜ਼ਾਂ ਜਿਵੇਂ ਪੀਣ ਵਾਸਤੇ ਜੂਸ ਅਤੇ ਸੋਫਟ ਡਰਿੰਕ ਲੈ ਕੇ ਤਕਰੀਬਨ 30 ਤੋਂ 40 ਲੋੜਵੰਦ ਲੋਕਾਂ ਨੂੰ ਬੜੇ ਪਿਆਰ ਦੇ ਨਾਲ ਲੰਗਰ ਛਕਾਇਆ ਜਦੋਂ ਲੋੜਵੰਦ ਲੋਕਾਂ ਨੂੰ ਗੁਰਬਚਨ ਸਿੰਘ ਨੇ ਲੰਗਰ ਛਕਾਇਆ ਅਤੇ ਨਾਲ ਦੱਸਿਆ ਕਿ ਆਹ ਜਿਹੜੇ ਦਿਨ ਆ ਸਾਡੇ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਦੇ ਚਾਰ ਸਾਹਿਬਜ਼ਾਦੇ ਮਾਤਾ ਗੁਜਰ ਕੌਰ ਅਤੇ ਪੋਹ ਮਹੀਨੇ ਦੇ ਸ਼ਹੀਦ ਹਨ ਉਹਨਾਂ ਦੀਆਂ ਯਾਦਾਂ ਮਨਾ ਰਹੇ ਹਾਂ ਉਹਦੇ ਲਈ ਅਸੀਂ ਲੋੜਵੰਦ ਲੋਕਾਂ ਲਈ ਲੰਗਰ ਵਰਤਾ ਰਹੇ ਹਾਂ ਉਹ ਅੰਗਰੇਜ਼ ਲੋਕਾਂ ਨੇ ਭਾਈ ਗੁਰਬਚਨ ਸਿੰਘ ਦਾ ਬਹੁਤ ਧੰਨਵਾਦ ਕੀਤਾ ਅਤੇ ਸਿੱਖ ਕਮਿਊਨਿਟੀ ਦਾ ਵੀ ਬਹੁਤ ਬਹੁਤ ਧੰਨਵਾਦ ਕੀਤਾ ਲੋੜ ਹੈ ਵੱਧ ਤੋਂ ਵੱਧ ਜਿਸ ਤਰ੍ਹਾਂ ਵੀ ਸਿੱਖੀ ਦਾ ਪ੍ਰਚਾਰ ਹੋ ਸਕਦਾ ਹੈ ਉਹ ਸਾਨੂੰ ਕਰਨਾ ਚਾਹੀਦਾ ਹੈ ਜਥੇਬੰਦੀ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਭਾਈ ਗੁਰਬਚਨ ਸਿੰਘ ਦੇ ਧੰਨਵਾਦੀ ਹਾਂ ਯਾਦ ਰਹੇ ਭਾਈ ਗੁਰਬਚਨ ਸਿੰਘ ਭਾਈ ਹਰਬੰਸ ਸਿੰਘ ਜੀ ਦੇ ਭਰਾਤਾ ਹਨ।

# ਮਹਿਰੋਂ ਤੇ ਸਾਥੀ ਨੂੰ ਭਗੌੜਾ ਕਰਾਰ ਦੇਣ ਦੀ ਪ੍ਰਕਿਰਿਆ ਤੇਜ਼, ਘਰਾਂ ਦੇ ਬਾਹਰ ਲਾਏ ਪੋਸਟਰ



**ਬਠਿੰਡਾ, 23 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੁਲਿਸ ਨੇ ਇੰਸਟਾਗ੍ਰਾਮ ਇਂਫਲੂੈਂਸਰ ਕੰਚਨ ਕੁਮਾਰੀ ਦੇ ਕਤਲ ਕੇਸ ਵਿੱਚ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਅਤੇ ਉਸਦੇ ਸਾਥੀ ਰਣਜੀਤ ਸਿੰਘ ਨੂੰ ਭਗੌੜਾ ਕਰਾਰ ਦੇਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਹੈ। ਥਾਣਾ ਕੈਂਟ ਪੁਲਿਸ ਵੱਲੋਂ ਕੰਚਨ ਕੁਮਾਰੀ ਕਤਲ ਮਾਮਲੇ 'ਚ ਕਥਿਤ ਦੋਸ਼ੀ ਦੇ ਘਰਾਂ ਦੇ ਬਾਹਰ ਪੋਸਟਰ ਲਾਏ ਗਏ ਹਨ। ਹੁਣ ਅਦਾਲਤ ਵੱਲੋਂ ਅਗਲੇ ਸਾਲ 27 ਜਨਵਰੀ ਨੂੰ ਫੈਸਲਾ ਦਿੱਤਾ ਜਾ ਸਕਦਾ ਹੈ। ਥਾਣਾ ਕੈਂਟ ਦੇ ਐਸਐਚਓ ਦਲਜੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਇੰਸਟਾਗਰਾਮ 'ਤੇ ਮਸ਼ਹੂਰ ਕੰਚਨ ਕੁਮਾਰੀ ਉਰਫ ਕਮਲ ਭਾਬੀ ਦਾ ਕਤਲ ਕਰ ਉਸਦੀ ਮ੍ਰਿਤਕ ਦੇਹ ਨੂੰ ਬਠਿੰਡਾ ਆਦੇਸ਼ ਹਸਪਤਾਲ ਪਾਰਕਿੰਗ 'ਚ ਖੜੀ ਇਕ ਕਾਰ ਵਿੱਚੋਂ ਸੂਟ ਕੇਸ 'ਚ ਮਿਲੀ ਸੀ, ਜਿੱਥੇ ਸਾਡੀ ਵੱਖ-ਵੱਖ ਟੀਮਾਂ ਨੇ ਇਸ 'ਤੇ ਕੰਮ ਕਰਦੇ 5 ਲੋਕਾਂ 'ਤੇ ਮਾਮਲਾ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ 2 ਕਥਿਤ ਦੋਸ਼ੀਆਂ ਨੂੰ ਕੁੱਝ ਸਮੇਂ ਬਾਅਦ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਅੰਮ੍ਰਿਤਪਾਲ ਸਿੰਘ ਮਹਿਰੋ, ਉਸਦਾ ਸਾਥੀ ਰਣਜੀਤ ਸਿੰਘ ਅਤੇ ਇੱਕ ਅਣਪਛਾਤੇ ਵਿਅਕਤੀ ਦੀ ਭਾਲ ਵੱਖ ਵੱਖ ਟਿਕਾਣਿਆਂ 'ਤੇ ਕੀਤੀ ਪਰੰਤੂ ਭਾਲ ਨਾ ਹੋਣ 'ਤੇ ਸਾਡੇ ਵੱਲੋਂ ਆਪਣੀਆਂ ਗਵਾਹੀਆਂ ਬੀਤੇ ਕੱਲ ਅਦਾਲਤ ਵਿਖੇ ਦਿੱਤੀਆਂ ਗਈਆਂ ਸਨ। ਉਸ ਤੋਂ ਬਾਅਦ ਸਾਡੇ ਵੱਲੋਂ ਉਨ੍ਹਾਂ ਦੇ ਘਰਾਂ ਬਾਹਰ ਵੀ ਪੋਸਟਰ ਲਾਏ ਗਏ ਹਨ। ਹੁਣ ਅਦਾਲਤ ਵੱਲੋਂ ਅਗਲੀ ਮਿਤੀ 27 ਜਨਵਰੀ 2026 ਰੱਖੀ ਗਈ ਹੈ।

# ਗੋਲਡਨ ਬੁਆਏ ਨੀਰਜ ਚੋਪੜਾ ਨੇ ਪਤਨੀ ਸਣੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ



**ਨਵੀਂ ਦਿੱਲੀ, 23 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਭਾਰਤ ਦੇ ਸਟਾਰ ਜੈਵਲਿਨ ਥਰੋਅਰ ਅਤੇ ਦੋ ਵਾਰ ਦੇ ਓਲੰਪਿਕ ਤਮਗਾ ਜੇਤੂ ਨੀਰਜ ਚੋਪੜਾ ਨੇ ਨਵੇਂ ਸਾਲ 2026 ਦੇ ਆਗਮਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਹੈ,। ਇਸ ਮੁਲਾਕਾਤ ਦੀ ਖਾਸ ਗੱਲ ਇਹ ਰਹੀ ਕਿ ਨੀਰਜ ਦੇ ਨਾਲ ਉਨ੍ਹਾਂ ਦੀ ਪਤਨੀ ਹਿਮਾਨੀ ਮੋਰ ਵੀ ਮੌਜੂਦ ਸੀ। ਇਹ ਮੁਲਾਕਾਤ ਮੰਗਲਵਾਰ ਸਵੇਰੇ ਪ੍ਰਧਾਨ ਮੰਤਰੀ ਦੀ ਰਿਹਾਇਸ਼ 7, ਲੋਕ ਕਲਿਆਣ ਮਾਰਗ ਵਿਖੇ ਹੋਈ। ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਸ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਉਨ੍ਹਾਂ ਵਿਚਕਾਰ ਖੇਡ ਜਗਤ ਸਮੇਤ ਕਈ ਅਹਿਮ ਰਾਸ਼ਟਰੀ ਮੁੱਦਿਆਂ 'ਤੇ ਸਾਰਥਕ ਗੱਲਬਾਤ ਹੋਈ। ਪੀ.ਐਮ. ਮੋਦੀ ਨੇ ਨੀਰਜ ਅਤੇ ਉਨ੍ਹਾਂ ਦੀ ਪਤਨੀ ਨਾਲ ਬਿਤਾਏ ਸਮੇਂ ਨੂੰ ਬੇਹੱਦ ਸੁਖਦ ਦੱਸਿਆ। ਨੀਰਜ ਚੋਪੜਾ ਨੇ ਸਾਲ 2025 ਵਿੱਚ ਹੀ ਟੈਨਿਸ ਖਿਡਾਰਨ ਹਿਮਾਨੀ ਮੋਰ ਨਾਲ ਵਿਆਹ ਕਰਵਾਇਆ ਸੀ। ਉਨ੍ਹਾਂ ਦਾ ਵਿਆਹ ਇੱਕ ਨਿੱਜੀ ਸਮਾਗਮ ਸੀ, ਜਿਸ ਦੀ ਜਾਣਕਾਰੀ ਨੀਰਜ ਨੇ ਖੁਦ ਸੋਸ਼ਲ ਮੀਡੀਆ 'ਤੇ ਤਸਵੀਰਾਂ ਸਾਂਝੀਆਂ ਕਰਕੇ ਦਿੱਤੀ ਸੀ। ਨੀਰਜ ਨੇ ਦੋਹਾ ਵਿੱਚ ਹੋਈ ਡਾਇਮੰਡ ਲੀਗ ਵਿੱਚ 90 ਮੀਟਰ ਦੀ ਇਤਿਹਾਸਕ ਦੂਰੀ ਹਾਸਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ। ਹਾਲਾਂਕਿ, ਟੋਕੀਓ ਵਿੱਚ ਹੋਈ ਵਰਲਡ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਉਹ ਤਮਗਾ ਜਿੱਤਣ ਤੋਂ ਖੁੰਝ ਗਏ ਸਨ , ਜਿੱਥੇ ਭਾਰਤ ਦੇ ਹੀ ਨੌਜਵਾਨ ਖਿਡਾਰੀ ਸਚਿਨ ਯਾਦਵ ਨੇ ਚੌਥਾ ਸਥਾਨ ਹਾਸਲ ਕਰਕੇ ਸਭ ਨੂੰ ਪ੍ਰਭਾਵਿਤ ਕੀਤਾ। ਭਾਰਤ ਨੇ ਸਾਲ 2025 ਵਿੱਚ ਦੋ ਵਰਲਡ ਐਥਲੈਟਿਕਸ ਟੂਰਨਾਮੈਂਟਾਂ ਦੀ ਮੇਜ਼ਬਾਨੀ ਕੀਤੀ ਸੀ, ਜਿਨ੍ਹਾਂ ਵਿੱਚੋਂ ਇੱਕ ਵਿੱਚ ਨੀਰਜ ਨੇ ਜਿੱਤ ਵੀ ਦਰਜ ਕੀਤੀ। ਇਸ ਤੋਂ ਇਲਾਵਾ, ਭਾਰਤ ਸਰਕਾਰ ਹੁਣ ਸਾਲ 2031 ਦੀ ਵਰਲਡ ਐਥਲੈਟਿਕਸ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਲਈ ਵੀ ਆਪਣੀ ਦਿਲਚਸਪੀ ਦਿਖਾ ਰਹੀ ਹੈ। ਨੀਰਜ ਚੋਪੜਾ ਦੀ ਇਹ ਮੁਲਾਕਾਤ ਨਾ ਸਿਰਫ਼ ਉਨ੍ਹਾਂ ਦੀਆਂ ਨਿੱਜੀ ਖੁਸ਼ੀਆਂ ਦਾ ਪ੍ਰਤੀਕ ਹੈ, ਸਗੋਂ ਇਹ ਭਾਰਤੀ ਖੇਡਾਂ ਦੇ ਉੱਜਵਲ ਭਵਿੱਖ ਲਈ ਇੱਕ ਮਜ਼ਬੂਤ ਨੀਂਹ ਵਾਂਗ ਹੈ, ਜਿੱਥੇ ਦੇਸ਼ ਦਾ ਸਭ ਤੋਂ ਵੱਡਾ ਆਗੂ ਆਪਣੇ ਚੈਂਪੀਅਨ ਖਿਡਾਰੀਆਂ ਦਾ ਮਨੋਬਲ ਵਧਾ ਰਿਹਾ ਹੈ।

# ਹਰਿਆਣਾ : ਸਕੂਲਾਂ 'ਚ ਸਰਦੀਆਂ ਦੀਆਂ ਛੁੱਟੀਆਂ: ਸਾਰੇ ਸਕੂਲ 15 ਦਿਨ ਲਈ ਰਹਿਣਗੇ ਬੰਦ



**ਚੰਡੀਗੜ੍ਹ, 23 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਰਕਾਰ ਦੇ ਸਕੂਲ ਸਿੱਖਿਆ ਡਾਇਰੈਕਟੋਰੇਟ ਨੇ ਰਾਜ ਦੇ ਸਾਰੇ ਸਰਕਾਰੀ ਅਤੇ ਨਿੱਜੀ ਸਕੂਲਾਂ ਲਈ ਸਰਦੀਆਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਹੈ। ਡਾਇਰੈਕਟੋਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ, ਰਾਜ ਦੇ ਸਾਰੇ ਸਕੂਲ 1 ਜਨਵਰੀ, 2026 ਤੋਂ 15 ਜਨਵਰੀ, 2026 ਤੱਕ ਸਰਦੀਆਂ ਦੀਆਂ ਛੁੱਟੀਆਂ ਮਨਾਉਣਗੇ। ਇਸ ਤੋਂ ਬਾਅਦ, ਸਾਰੇ ਸਕੂਲ ਸ਼ੁੱਕਰਵਾਰ, 16 ਜਨਵਰੀ, 2026 ਨੂੰ ਆਮ ਵਾਂਗ ਖੁੱਲ੍ਹਣਗੇ। ਇਸ ਸਬੰਧ ਵਿੱਚ ਸਕੂਲ ਸਿੱਖਿਆ ਡਾਇਰੈਕਟੋਰੇਟ, ਪੰਚਕੂਲਾ ਨੇ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ, ਜ਼ਿਲ੍ਹਾ ਮੁੱਢਲੀ ਸਿੱਖਿਆ ਅਧਿਕਾਰੀਆਂ, ਬਲਾਕ ਸਿੱਖਿਆ ਅਧਿਕਾਰੀਆਂ, ਬਲਾਕ ਮੁੱਢਲੀ ਸਿੱਖਿਆ ਅਧਿਕਾਰੀਆਂ ਅਤੇ ਸਕੂਲ ਮੁਖੀਆਂ/ਇੰਚਾਰਜਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ।

ਹੁਕਮ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਛੁੱਟੀਆਂ ਨਾਲ ਸਬੰਧਤ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ। ਡਾਇਰੈਕਟੋਰੇਟ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਸਰਦੀਆਂ ਦੀਆਂ ਛੁੱਟੀਆਂ ਦੌਰਾਨ, ਜੇਕਰ ਜ਼ਰੂਰੀ ਹੋਵੇ, ਤਾਂ ਸੀਬੀਐਸਈ, ਆਈਸੀਐਸਈ ਅਤੇ ਹੋਰ ਬੋਰਡਾਂ ਦੇ ਮਾਪਦੰਡਾਂ ਅਨੁਸਾਰ, ਨਿਰਧਾਰਤ ਸਮਾਂ-ਸਾਰਣੀ ਅਨੁਸਾਰ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਪ੍ਰੀਖਿਆਵਾਂ ਲਈ ਸਕੂਲ ਬੁਲਾਇਆ ਜਾ ਸਕਦਾ ਹੈ। ਇਹ ਵਿਵਸਥਾ ਸਿਰਫ਼ ਬੋਰਡ ਦੀਆਂ ਕਲਾਸਾਂ 'ਤੇ ਲਾਗੂ ਹੋਵੇਗੀ। ਸਕੂਲ ਸਿੱਖਿਆ ਵਿਭਾਗ ਦਾ ਕਹਿਣਾ ਹੈ ਕਿ ਇਹ ਫੈਸਲਾ ਸਰਦੀਆਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਹੈ, ਤਾਂ ਜੋ ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਤਰਜੀਹ ਦਿੱਤੀ ਜਾ ਸਕੇ। ਇਹ ਹੁਕਮ ਸੈਕੰਡਰੀ ਸਿੱਖਿਆ ਡਾਇਰੈਕਟਰ, ਹਰਿਆਣਾ ਵੱਲੋਂ ਸਹਾਇਕ ਡਾਇਰੈਕਟਰ (ਅਕਾਦਮਿਕ) ਵੱਲੋਂ ਜਾਰੀ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਦਮਦਮੀ ਟਕਸਾਲ ਦੇ ਬਾਨੀ,
ਸਾਹਿਬੇ-ਕਮਾਲ, ਅੰਮ੍ਰਿਤ ਕੇ ਦਾਤੇ, ਸਰਬੰਸਦਾਨੀ,
ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ



**ਅਵਤਾਰ ਗੁਰਪੁਰਬ ਨੂੰ ਸਮਰਪਿਤ**
**ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ) ਵੱਲੋਂ**

# ਮਹਾਨ ਨਗਰ ਕੀਰਤਨ

**ਮਿਤੀ 25 ਦਸੰਬਰ 2025 ਦਿਨ ਵੀਰਵਾਰ (ਸਵੇਰੇ 7 ਵਜੇ)**
ਗੁ: ਗੁਰਦਰਸ਼ਨ ਪ੍ਰਕਾਸ਼ ਹੈੱਡਕੁਆਟਰ ਦਮਦਮੀ ਟਕਸਾਲ ਮਹਿਤਾ ਤੋਂ ਆਰੰਭ ਹੋਵੇਗਾ।

ਨਗਰ ਕੀਰਤਨ ਗੁ: ਗੁਰਦਰਸ਼ਨ ਪ੍ਰਕਾਸ਼ ਤੋਂ ਆਰੰਭ ਹੋ ਕੇ ਉੱਦੋ ਨੰਗਲ, ਸੂਰੋ ਪੱਡਾ, ਨਾਥ ਦੀ ਖੂਹੀ, ਜਲਾਲ ਉਸਮਾਂ, ਗੁਰਦੁਆਰਾ ਚੇਲੇਆਣਾ ਸਾਹਿਬ, ਰਜਧਾਨ, ਭਲਾਈਪੁਰ, ਅੱਡਾ ਦਾਊਦ, ਅੱਡਾ ਵਡਾਲਾ, ਮੋੜ ਸੁਧਾਰ, ਅੱਡਾ ਦਨਿਆਲ, ਮੋੜ ਕਲੇਰ ਘੁਮਾਣ, ਧਿਆਨਪੁਰ, ਬਾਬਾ ਬਕਾਲਾ ਸਾਹਿਬ, ਠੱਠੀਆਂ, ਬੇਦਾਦਪੁਰ, ਸਠਿਆਲਾ, ਗੱਗੜਭਾਣਾ, ਬੁੱਟਰ, ਟਕਾਪੁਰ, ਖੱਬੇ ਰਾਜਪੂਤਾਂ, ਅੱਡਾ ਸੈਦੂਕੇ, ਚੂੰਗ, ਮਹਿਤਾ ਚੌਂਕ ਤੋਂ ਵਾਪਸ ਗੁ: ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚੇਗਾ।



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

ਬੱਸਾਂ, ਟਰੱਕ, ਟਰੈਕਟਰ, ਕਾਰਾਂ ਆਦਿ ਸਾਧਨਾਂ ਵਾਲੇ ਗੁਰਮੁਖ ਪਿਆਰੇ ਸੰਗਤਾਂ ਦੀ ਸੇਵਾ ਲਈ ਆਪੋ-ਆਪਣੇ ਸਾਧਨਾਂ ਸਮੇਤ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ ਜੀ

Amar Art Studio

ਸੰਪਰਕ: 99158-00904, 98726-08626, 62830-23170, 95171-76191




# ਕੋਈ ਵੀ ਰਹਿਬਰ ਦੁਨੀਆ 'ਤੇ ਅਜਿਹਾ ਨਹੀਂ ਹੋਇਆ ਜਿਸ ਨੇ ਦਸਮੇਸ਼ ਪਿਤਾ ਵਾਂਗ ਆਪਣੇ ਪੁੱਤਰਾਂ ਦੀ ਸ਼ਹਾਦਤ ਕੌਮ ਵਾਸਤੇ ਦਿੱਤੀ ਹੋਵੇ - ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਰੋਡੇ

## ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸਜਾਏ ਗਏ 38ਵੇਂ ਨਗਰ ਕੀਰਤਨ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਪੁੱਜੀਆਂ


ਗੁਰਦੁਆਰਾ ਸਾਹਿਬ ਪਿੰਡ ਕਿਲੀ ਚਾਹਲ, ਮੋਗਾ ਤੋਂ ਸਜਾਏ ਜਾ ਰਹੇ ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰੇ।

ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਸੇਵਕਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲ ਪਹਿਲਾਂ ਹਿੰਦੂ ਧਰਮ ਦੀ ਰੱਖਿਆ ਲਈ ਕੀਤੀ ਗਈ ਮਹਾਨ ਕੁਰਬਾਨੀ ਨੂੰ ਸਮਰਪਤ 38ਵਾਂ ਨਗਰ ਕੀਰਤਨ ਪ੍ਰਸਿੱਧ ਪਿੰਡ ਕਿਲੀ ਚਾਹਲ ਤੋਂ ਅਰਦਾਸ ਕਰਕੇ ਆਰੰਭ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ ਦੇ ਸੁਯੋਗ ਪ੍ਰਬੰਧਾਂ ਹੇਠ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਉਕਤ ਮਹਾਨ ਸ਼ਹੀਦੀਆਂ ਨੂੰ ਸਮਰਪਤ ਗੁਰਬਾਣੀ ਦੇ ਪ੍ਰਚਾਰ ਤੇ ਪਸਾਰ ਲਈ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿੱਚ 40 ਨਗਰ ਕੀਰਤਨ ਸਜਾਉਣ ਦੀ ਜੋ ਲੜੀ ਤਰਤੀਬ-ਬੱਧ ਕੀਤੀ ਗਈ ਸੀ ਉਸ ਦੇ ਤਹਿਤ ਅੱਜ ੧ ਪੋਹ ਨੂੰ 38ਵਾਂ ਨਗਰ ਕੀਰਤਨ ਸਜਾਇਆ ਗਿਆ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪਿੰਡ ਗਾਲਬ, ਕੋਕਰੀ ਕਲਾਂ, ਕੋਕਰੀ ਹੇਰਾਂ, ਪੁਰਾਣੇ ਵਾਲਾ, ਚੌਗਾਵਾਂ ਰਾਹੀਂ ਹੁੰਦਾ ਹੋਇਆ ਪਿੰਡ ਰੌਲੀ ਦੇ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਆ ਕੇ ਸਮਾਪਤ ਹੋਇਆ। ਇਸ ਮੌਕੇ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਰੋਡੇ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਸਿੱਖ ਸ਼ਹਾਦਤਾਂ ਦੀਆਂ ਗਾਥਾਵਾਂ ਸੁਣਾਈਆਂ। ਉਨ੍ਹਾਂ ਦਸਿਆ ਕਿ ਕਿਵੇਂ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ 32 ਚੋਣਵੇਂ ਜਰਨੈਲਾਂ ਤੇ ਬਾਈ ਧਾਰ ਦੇ ਰਾਜਿਆਂ ਦੀਆਂ ਫੌਜਾਂ ਦਾ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਥੋੜੀ ਜਿਹੀ ਸਿਰਲੱਥ ਫੌਜ ਨਾਲ ਟਾਕਰਾ ਕੀਤਾ। ਸਿੰਘ ਸਾਹਿਬ ਨੇ ਦਸਿਆ ਕਿ ਕਿਵੇਂ ਮੁਗਲ ਜਰਨੈਲ ਨਾਹਰ ਖਾਂ ਮਲੇਰਕੋਟਲਾ ਨੇ ਕਿਲੇ ਦੀ ਕੰਧ ਟੱਪਣ ਲਈ ਪੌੜੀ ਚੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਦਸਮੇਸ਼ ਪਿਤਾ ਦਾ ਤੀਰ ਉਸ ਦੇ ਅਜਿਹਾ ਮੱਥੇ 'ਤੇ ਲੱਗਾ ਕਿ ਉਸ ਦੀ ਮੌਤ ਦੇਖ ਕੇ ਬਾਕੀ ਜਰਨੈਲਾਂ ਦਾ ਅੱਗੇ ਵੱਧਣ ਦਾ ਹੀਆ ਹੀ ਨਹੀਂ ਪਿਆ। ਸਿੰਘ ਸਾਹਿਬ ਨੇ ਦਸਿਆ ਕਿ ਕੋਈ ਵੀ ਰਹਿਬਰ ਦੁਨੀਆ 'ਤੇ ਅਜਿਹਾ ਨਹੀਂ ਹੋਇਆ ਜਿਸ ਨੇ ਦਸਮੇਸ਼ ਪਿਤਾ ਵਾਂਗ ਆਪਣੇ ਪੁੱਤਰਾਂ ਦੀ ਸ਼ਹਾਦਤ ਕੌਮ ਵਾਸਤੇ ਦਿਤੀ ਹੋਵੇ। ਅਖੀਰ 'ਤੇ ਸਿੰਘ ਸਾਹਿਬ ਨੇ ਸਹਿਯੋਗਕਰਤਾ ਸਖਸ਼ੀਅਤਾਂ ਦਾ ਅਤੇ ਆਈਆਂ ਸੰਗਤਾਂ ਦਾ ਜੈਕਾਰੇ ਗੂੰਜਾਂ ਕੇ ਧਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਜਗਤਾਰ ਸਿੰਘ ਰੋਡੇ ਮੈਂਬਰ ਸ੍ਰੋਮਣੀ ਕਮੇਟੀ, ਸੰਤ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਸ੍ਰੋਮਣੀ ਕਮੇਟੀ, ਬਾਬਾ ਬਲਵਿੰਦਰ ਸਿੰਘ ਹੈਡ ਗਰੰਥੀ ਗੁਰਦੁਆਰਾ ਸੰਤ ਖਾਲਸਾ ਰੋਡੇ, ਬਾਬਾ ਸੱਜਣ ਸਿੰਘ ਮੁੱਖ ਸਲਾਹਕਾਰ, ਜਥੇਦਾਰ ਸਵਰਨਜੀਤ ਸਿੰਘ ਮੁੱਖੀ ਤਰਨਾ ਦਲ, ਜਥੇਦਾਰ ਜਗਸੀਰ ਸਿੰਘ ਰੋਡੇ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ, ਭਾਈ ਗੁਰਪ੍ਰੀਤ ਸਿੰਘ ਕਿਲੀ ਚਾਹਲ, ਭਾਈ ਸੁਖਜੀਤ ਸਿੰਘ ਕਿੱਲੀ ਚਾਹਲ, ਭਾਈ ਪ੍ਰਮਜੀਤ ਸਿੰਘ ਪੰਮੀ, ਭਾਈ ਬਚਿੱਤਰ ਸਿੰਘ ਸਾਬਕਾ ਸਰਪੰਚ ਕਿਲੀ ਚਾਹਲ, ਭਾਈ ਸੋਨੀ ਸਿੰਘ, ਭਾਈ ਜਿੰਦਰ ਸਿੰਘ ਸਿੱਧੂ, ਭਾਈ ਕੁਲਬੀਰ ਸਿੰਘ ਮਨਾਵਾਂ, ਭਾਈ ਲਵਪ੍ਰੀਤ ਸਿੰਘ ਦਾਤੇਵਾਲ, ਭਾਈ ਮਨਪ੍ਰੀਤ ਸਿੰਘ ਧੱਲੇ ਕੇ, ਬਾਈ ਗੁਲਾਬਜਿੰਦਰ ਸਿੰਘ ਫੇਰੋਕੇ, ਭਾਈ ਲਖਵੀਰ ਸਿੰਘ ਮੋਗਾ ਪ੍ਰਚਾਰਕ ਸ੍ਰੋਮਣੀ ਕਮੇਟੀ ਤੇ ਹੋਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।



ਨਗਰ ਕੀਰਤਨ ਦੌਰਾਨ ਸੰਬੋਧਨ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਰੋਡੇ। (ਸੱਜੇ) ਸੰਗਤਾਂ ਦਾ ਭਾਰੀ ਇਕੱਠ।